# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ — ਸਮੈਸਟਰ ਚੌਥਾ

ਪੇਪਰ : ਅਠਾਰਾਂ (ਸਿੱਖਣ ਦਾ ਮੁਲਾਂਕਣ/ਨਿਰਧਾਰਣ) — ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1. ਨਿਰਧਾਰਣ ਅਤੇ ਮੁਲਾਂਕਣ: ਨਿਰਧਾਰਣ ਅਤੇ ਮੁਲਾਂਕਣ ਦਾ ਅਰਥ, ਉਦੇਸ਼, ਨਿਦਾਨਾਤਮਕ ਮੁਲਾਂਕਣ, ਸੁਧਾਰਾਤਮਿਕ ਮੁਲਾਂਕਣ ਅਤੇ ਅੰਤਿਮ ਮੁਲਾਂਕਣ

1.2. ਨਿਰਧਾਰਣ ਦੇ ਸੰਦ- ਪ੍ਰੋਜੈਕਟ ਵਿਧੀ

1.3. ਨਿਰਧਾਰਣ ਦੇ ਸੰਦ- ਸੌਂਪਣੀਆਂ/ਘਰ ਦਾ ਕੰਮ, ਮੌਖਿਕ ਪ੍ਰੀਖਿਆਵਾਂ

1.4. ਨਿਰਧਾਰਣ ਦੇ ਸੰਦ: ਪ੍ਰੀਖਣ ਕਿਸਮਾਂ ਅਤੇ ਉਨ੍ਹਾਂ ਦੇ ਗੁਣ, ਔਗੁਣ

1.5. ਵਿਆਪਕ ਅਤੇ ਲਗਾਤਾਰ ਮੁਲਾਂਕਣ


**Department website : www.pbidde.org**

ਸਿੱਖਣ ਦਾ ਆਂਕਲਣ/ਮੁਲਾਂਕਣ

ਆਂਕਲੰਨ ਅਤੇ ਮੁਲਾਂਕਣ

ਆਂਕਲਣ ਅਤੇ ਮੁਲਾਂਕਣ ਦਾ ਅਰਥ, ਸੰਕਲਪ, ਨਿਦਾਨਆਤਮਿਕ, ਸੁਧਾਰਾਤਮਿਕ ਅਤੇ ਅੰਤਿਮ ਮੁਲਾਂਕਣ

ਪਾਠ 1.1 ਲੇਖਕ-ਡਾ. ਜਸਰਾਜ ਕੌਰ

ਬਣਤਰ

1.1.1. ਜਾਣ-ਪਹਿਚਾਣ
1.1.2. ਉਦੇਸ਼
1.1.3. ਆਂਕਲਣ ਤੇ ਮੁਲਾਂਕਣ
1.1.3.1. ਅਰਥ
1.1.3.2. ਸੰਕਲਪ
1.1.3.3. ਨਿਦਾਨਾਤਮਿਕ ਮੁਲਾਂਕਣ
1.1.3.4. ਸੁਧਾਰਾਤਮਿਕ ਮੁਲਾਂਕਣ
1.1.3.5. ਅੰਤਿਮ ਮੁਲਾਂਕਣ
1.1.4. ਸਾਰ-ਅੰਸ਼
1.1.5. ਕੁੰਜੀਵਤ ਸਬਦ
1.1.6. ਸੁਝਾਏ ਸਵਾਲ
1.1.7. ਪ੍ਰਸਤਾਵਿਤ ਅਧਿਐਨ
1.1.8. ਸਵੈ-ਅਭਿਆਸ

### 1.1.1. ਜਾਣ-ਪਹਿਚਾਣ :-

ਆਂਕਲਣ ਦੀ ਪ੍ਰਕਿਰਿਆ ਤੋਂ ਭਾਵ ਹੈ ਉਸ ਦਸ਼ਾ ਅਤੇ ਹਾਲਾਤਾਂ ਨੂੰ ਸਮਝਣਾ ਜੋ ਕਿ ਵਸਤੂਨਿਸ਼ਠ ਪ੍ਰਕ੍ਰਿਆ ਦੇ ਵਿੱਚੋਂ ਦੀ ਗੁਜ਼ਰਦੇ ਹਨ। ਜਦੋਂ ਇਹ ਸ਼ਬਦ ਸਿੱਖਿਆ ਲਈ ਵਰਤੇ ਜਾਣ ਤਾਂ ਆਂਕਲਣ ਦਾ ਅਰਥ ਸਾਧਾਰਨ ਸ਼ਬਦ ਦੇ ਅਰਥ ਵਾਂਗ ਹੀ ਹੈ। ਪਰ ਸਾਨੂੰ ਦੂਜੇ ਤੱਥ ਦਿਮਾਗ ਵਿੱਚ ਰੱਖਣੇ ਪੈਂਦੇ ਹਨ ਉਹ ਤੱਥ ਹੈ

ਕਿ ਆਂਕਲਣ ਸਿੱਖਿਆ ਪ੍ਰਕ੍ਰਿਆ ਨੂੰ ਸੁਧਾਰਨ ਲਈ ਹੈ। ਆਂਕਲਣ ਸਿੱਖਣ, ਅਧਿਆਪਨ ਅਤੇ ਨਾਲ ਹੀ ਨਤੀਜਿਆਂ ਨੂੰ ਧਿਆਨ ਵਿੱਚ ਰੱਖਦਾ ਹੈ।

1.1.2. ਉਦੇਸ਼ :-

ਇਸ ਪਾਠ ਤੋਂ ਬਾਅਦ ਵਿਦਿਆਰਥੀ ਸਮਝਣਯੋਗ ਹੋ ਜਾਣਗੇ :-

- ਆਂਕਲਣ ਅਤੇ ਮੁਲਾਂਕਣ ਦਾ ਅਰਥ ਸਮਝਣਯੋਗ।
- ਆਂਕਲਣ ਅਤੇ ਮੁਲਾਂਕਣ ਦੇ ਉਦੇਸ਼ਾਂ ਨੂੰ ਸਮਝਣ ਯੋਗ।
- ਆਂਕਲਣ ਅਤੇ ਮੁਲਾਂਕਣ ਦੀਆਂ ਕਿਸਮਾਂ ਦਾ ਵਿਸਤਾਰ।
- ਅੰਤਿਮ ਅਤੇ ਰਚਨਾਤਮਕ ਮੁਲਾਂਕਣ ਬਾਰੇ ਸਮਝਣਾ।

1.1.3. ਆਂਕਲਣ ਅਤੇ ਮੁਲਾਂਕਣ :-

ਜਦੋਂ ਆਂਕਲਣ ਕਰਨ ਦਾ ਸਮਾਂ ਆਉਂਦਾ ਹੈ ਤਾਂ ਇਹ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ ਜੋ ਕਿ ਸਿੱਖਣ ਵਿੱਚ ਸੁਧਾਰ ਕਰਦੀ ਹੈ। ਆਂਕਲਣ ਇੱਕ ਛੋਟਾ ਦਸਤਾਵੇਜ਼ (Paper) ਹੈ ਜੋ ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ। ਇਸ ਪੇਪਰ ਦਾ ਮੁੱਖ ਮੰਤਵ ਇਹ ਜਾਨਣਾ ਹੈ ਕਿ ਵਿਦਿਆਰਥੀਆਂ ਨੂੰ ਵਿਸ਼ੇ ਦੇ ਕਿੰਨੇ ਭਾਗ ਸਮਝ ਵਿੱਚ ਆ ਗਏ ਹਨ। ਇਸ ਦੁਆਰਾ ਪਤਾ ਲੱਗਦਾ ਹੈ ਕਿ ਉਹ ਕਿੰਨ੍ਹਾਂ ਸਿੱਖ ਗਏ ਹਨ। ਮੁਲਾਂਕਣ ਦਾ ਅਰਥ ਇਹ ਮਾਪਣਾ ਜਾਂ ਨਿਰੀਖਣ ਕਰਨਾ ਹੈ ਤੇ ਨਿਰਧਾਰਿਤ ਕਰਨਾ ਹੈ ਕਿ ਕੋਈ ਵਿਦਿਆਰਥੀ ਇਸ ਪ੍ਰਕ੍ਰਿਆ ਦੌਰਾਨ ਦੂਜਿਆਂ ਮੁਕਾਬਲੇ ਕਿੰਨ੍ਹਾਂ ਸਿੱਖਿਆ ਹੈ। ਮੁਲਾਂਕਣ ਦਾ ਕੇਂਦਰਬਿੰਦੂ ਗ੍ਰੇਡ ਹੁੰਦਾ ਹੈ। ਇਹ ਇੱਕ ਅੰਤਿਮ ਪ੍ਰਕ੍ਰਿਆ ਜੋ ਕਿ ਕਾਰਜ ਦੀ ਗੁਣਵਤਾ ਨੂੰ ਸਮਝਣ ਲਈ ਮੁਲਾਂਕਣ ਪ੍ਰਕ੍ਰਿਆ ਦੀ ਗੁਣਵੱਤਾ ਆਮ ਕਰਕੇ ਗ੍ਰੇਡ ਦੁਆਰਾ ਨਿਰਧਾਰਿਤ ਹੁੰਦੀ ਹੈ। ਇਸ ਮੁਲਾਂਕਣ ਪ੍ਰਕ੍ਰਿਆ ਵਿੱਚ ਪੇਪਰ ਦੇ ਗ੍ਰੇਡ ਦਿੱਤੇ ਜਾਂਦੇ ਹਨ।

1.1.3.1. ਅਰਥ :-

ਆਂਕਲਣ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਉਸ ਦਸ਼ਾ ਅਤੇ ਹਾਲਾਤਾਂ ਨੂੰ ਸਮਝਿਆ ਜਾਂਦਾ ਹੈ ਜੋਕਿ ਮਾਪਣ ਅਤੇ ਨਿਰਖਣ ਪ੍ਰਕ੍ਰਿਆ ਦੇ ਵਿੱਚੋਂ ਦੀ ਲੰਘਦੇ ਹਨ। ਆਂਕਲਣ ਜ਼ਿਆਦਾਤਰ ਨਿਰੰਤਰ ਚੱਲਣ ਵਾਲੀ ਪ੍ਰਕ੍ਰਿਆ ਹੈ। ਇਹ ਸੁਧਾਰਾਤਮਕ ਹੈ। ਆਂਕਲਣ ਨੂੰ ਪ੍ਰਕ੍ਰਿਆ ਆਧਾਰਿਤ ਜਾਣਿਆ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਇਸ ਦਾ ਉਦੇਸ਼ ਪ੍ਰਕ੍ਰਿਆ ਵਿੱਚ ਸੁਧਾਰ ਕਰਨਾ ਹੁੰਦਾ ਹੈ। ਪ੍ਰਬੰਧਕ ਅਤੇ ਸਿੱਖਿਆਰਥੀ ਵਿੱਚ ਆਪਸੀ ਸੰਬੰਧ ਆਂਕਲਣ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਇਹ ਮਿਆਰ ਬਾਹਰੀ ਹੁੰਦਾ ਹੈ। ਆਂਕਲਣ ਦੁਆਰਾ ਉਨ੍ਹਾਂ ਸਮੱਸਿਆਵਾਂ ਨੂੰ ਲੱਭਿਆ ਜਾਂਦਾ ਹੈ ਜਿਨ੍ਹਾਂ ਖੇਤਰਾਂ ਦੀ ਪਛਾਣ ਕਰਕੇ ਉਨ੍ਹਾਂ ਵਿੱਚ ਸੁਧਾਰ ਕੀਤਾ ਜਾ ਸਕੇ। ਮੁਲਾਂਕਣ ਕਿਸੇ ਚੀਜ਼ ਦੀ ਕੀਮਤ ਨਿਰਧਾਰਿਤ ਕਰਦਾ ਹੈ। ਮੁਲਾਂਕਣ ਜ਼ਿਆਦਾਤਰ ਅੰਤਿਮ

ਪ੍ਰਕ੍ਰਿਆ ਹੁੰਦੀ ਹੈ। ਇਹ ਅੰਤਿਮ ਹੁੰਦਾ। ਮੁਲਾਂਕਣ ਨੂੰ ਉਤਪਾਦਨ ਕੇਂਦਰਿਤ ਜਾਣਿਆ ਜਾਂਦਾ ਹੈ ਭਾਵ ਕਿ ਇਹ ਪ੍ਰਕ੍ਰਿਆ ਦੀ ਗੁਣਵਤਾ ਤੇ ਕੇਂਦਰਿਤ ਹੁੰਦਾ। ਮੁਲਾਂਕਣ ਅੰਤ ਵਿੱਚ ਆਉਣ ਵਾਲੇ ਕੁੱਲ ਅੰਕਾਂ ਨੂੰ ਮੰਨਿਆ ਜਾਂਦਾ ਹੈ। ਜੇਮਜ਼ ਦੇ ਅਨੁਸਾਰ, "ਮੁਲਾਂਕਣ ਕ੍ਰਮ ਆਮ ਤੌਰ 'ਤੇ ਕੁਝ ਸੱਭਿਆਚਾਰਕ ਜਾਂ ਵਿਗਿਆਨਕ ਮਿਆਰ ਕਰਨ ਦੇ ਹਵਾਲੇ ਨਾਲ ਇੱਕ ਵਰਤਾਰੇ ਦੇ ਮੁੱਲ ਨੂੰ ਵਿਸ਼ੇਸਤਾ ਪ੍ਰਦਾਨ ਕਰਨ ਲਈ ਵਰਤਿਆ ਜਾਂਦਾ ਹੈ।", ਰੋਬਰਟ ਅਨੁਸਾਰ, " ਮੁਲਾਂਕਣ ਵਿਦਿਆਰਥੀਆਂ ਦੇ ਅਨੁਦੇਸਾਤਮਿਕ ਉਦੇਸ਼ਾਂ ਦੀ ਪ੍ਰਾਪਤੀ ਬਾਰੇ ਅੰਕੜੇ ਇਕੱਠੇ ਕਰਨ, ਵਿਸ਼ਲੇਸ਼ਣ ਕਰਨ ਤੇ ਉਨ੍ਹਾਂ ਦੀ ਵਿਆਖਿਆ ਕਰਨ ਦੀ ਯੋਜਨਾਬੱਧ ਪ੍ਰਕ੍ਰਿਆ ਹੈ।" ਇਸ ਲਈ ਮੁਲਾਂਕਣ ਦਾ ਅਰਥ ਆਪਣੇ ਟੈਸਟ ਨਾਲੋਂ ਜ਼ਿਆਦਾ ਵਿਆਪਕ ਅਤੇ ਸੰਮਲਿਤ ਰੂਪ ਵਿੱਚ ਲਿਆ ਜਾਂਦਾ ਹੈ। ਟੈਸਟ ਵਿੱਚ ਜਿੱਥੇ ਕੁੱਝ ਪ੍ਰਸ਼ਨਾਂ ਦਾ ਸੈੱਟ ਹੁੰਦਾ ਹੈ ਉੱਥੇ ਹੀ ਮਾਪਣ ਵਿੱਚ ਵੀ ਟੈਸਟ ਦੇ ਨਤੀਜੇ ਅਨੁਸਾਰ ਹੀ ਕੁਝ ਨੰਬਰ ਦਿੱਤੇ ਜਾਂਦੇ ਹਨ ਜਦਕਿ ਮੁਲਾਂਕਣ ਵਿੱਚ ਨਤੀਜੇ ਦੀ ਕੀਮਤ ਵੀ ਸ਼ਾਮਲ ਕੀਤੀ ਜਾਂਦੀ ਹੈ।

1.1.3.2. ਉਦੇਸ਼ :-

ਅਧਿਆਪਨ-ਸਿੱਖਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਸ ਯੋਗ ਬਣਾਉਣਾ ਕਿ ਉਹ ਹਰੇਕ ਸਿੱਖਣ ਪ੍ਰਕਿਰਿਆ ਵਿੱਚ ਯੋਗ ਹੋ ਸਕਣ। ਆਂਕਲਣ ਅਤੇ ਮੁਲਾਂਕਣ ਦੇ ਹੋਰ ਉਦੇਸ਼ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ।

- ਅਨੁਦੇਸਾਤਮਿਕ ਉਦੇਸ਼ਾਂ ਦੀ ਪ੍ਰਾਪਤੀ ਲਈ ਤਿਆਰ ਕਰਨਾ :- ਜੇ ਅਸੀਂ ਅਨੁਦੇਸਾਤਮਿਕ ਉਦੇਸ਼ਾਂ ਦੀ ਪਛਾਣ ਕੀਤੀ ਹੈ ਅਤੇ ਸਿੱਖਣ ਨਤੀਜਿਆਂ ਨੂੰ ਇਸ ਵਿੱਚ ਸਪੱਸ਼ਟ ਕੀਤਾ ਹੈ ਤਾਂ ਮੁਲਾਂਕਣ ਦੁਆਰਾ ਕੁੱਝ ਸਿੱਖਣ ਨਤੀਜਿਆਂ ਦੀ ਪ੍ਰਾਪਤੀ ਦੀ ਉਮੀਦ ਕੀਤੀ ਜਾਂਦੀ ਹੈ। ਸਿਰਫ ਵਧੀਆ ਮੁਲਾਂਕਣ ਪ੍ਰਕ੍ਰਿਆ ਹੀ ਸਾਨੂੰ ਇਨ੍ਹਾਂ ਅਨੁਦੇਸਾਤਮਿਕ ਉਦੇਸ਼ਾਂ ਦੀ ਪ੍ਰਾਪਤੀ ਲਈ ਵਧੀਆ ਢੰਗ ਨਾਲ ਤਿਆਰ ਕਰਦੀ ਹੈ।
- ਵਿਦਿਆਰਥੀ ਦੀ ਲੋੜਾਂ ਦਾ ਆਂਕਲਣ ਕਰਨਾ :- ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਵਿਦਿਆਰਥੀ ਦੀਆਂ ਲੋੜਾਂ ਕੀ ਹਨ। ਮੁਲਾਂਕਣ ਇਹ ਜਾਣਨ ਵਿੱਚ ਮੱਦਦ ਕਰਦਾ ਹੈ ਕਿ ਵਿਦਿਆਰਥੀਆਂ ਦੇ ਗਿਆਨ ਤੇ ਕੌਂਸ਼ਲਾਂ ਨਾਲ ਸੰਬੰਧਤ ਲੋੜਾਂ ਕਿਹੜੀਆਂ ਹਨ। ਅਧਿਆਪਕ ਨੂੰ ਵਿਦਿਅਰਥੀਆਂ ਦੇ ਇਸ ਗਿਆਨ ਤੇ ਕੌਂਸ਼ਲਾਂ ਸੰਬੰਧੀ ਜਰੂਰ ਜਾਣੂ ਹੋਣਾ ਚਾਹੀਦਾ ਹੈ।
- ਵਿਦਿਆਰਥੀਆਂ ਨੂੰ ਪ੍ਰਤੀਪੁਸ਼ਟੀ :- ਮੁਲਾਂਕਣ ਇੱਕ ਅਜਿਹੀ ਪ੍ਰਕ੍ਰਿਰਿਆ ਹੈ ਜੋ ਇਕ ਅਧਿਆਪਕ ਦੀ ਮਦਦ ਕਰਦਾ ਹੈ ਆਪਣੇ ਵਿਦਿਆਰਥੀਆਂ ਦੀ ਸਿੱਖਣ ਸਮੱਸਿਆਵਾਂ ਨੂੰ ਜਾਣਨ ਲਈ। ਇਹ ਸਕੂਲ ਵਿੱਚ ਵੱਖਰੀ ਦੁਹਰਾਈ ਦੁਆਰਾ ਸੁਧਾਰ ਲਿਆਉਣ ਵਿੱਚ

ਮਦਦ ਕਰਦਾ ਹੈ। ਇਹ ਵੀ ਨਿਸ਼ਚਿਤ ਕਰਦਾ ਹੈ ਕਿ ਸਾਰੀਆਂ ਸੇਵਾਵਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ।

- ਪ੍ਰੋਗਰਾਮ ਸਮੱਗਰੀ ਤਿਆਰ ਕਰਨਾ :- ਪ੍ਰੋਗਰਾਮ ਹਦਾਇਤਾਂ ਸਿੱਖਣ ਤਰਤੀਬ ਦੀਆਂ ਨਿਰੰਤਰ (ਹਮੇਸ਼ਾਂ) ਚੱਲਣ ਵਾਲੀਆਂ ਲੜੀਆਂ ਹਨ। ਸਭ ਤੋਂ ਪਹਿਲਾਂ ਅਨੁਦੇਸਾਤਮਿਕ ਸਮੱਗਰੀ ਸੀਮਿਤ ਮਾਤਰਾ ਵਿੱਚ ਪੇਸ਼ ਕੀਤੀ ਜਾਂਦੀ ਹੈ ਫਿਰ ਇਸ ਸਮੱਗਰੀ ਬਾਰੇ ਉੱਤਰ ਦੇਣ ਲਈ ਇੱਕ ਟੈਸਟ ਦਿੱਤਾ ਜਾਂਦਾ ਹੈ। ਸਹੀ ਉੱਤਰ ਆਉਣ ਤੇ ਪ੍ਰਤੀਪੁਸ਼ਟੀ ਕੀਤੀ ਜਾਂਦੀ ਹੈ। ਇਸ ਲਈ ਪ੍ਰਭਾਵਸ਼ਾਲੀ ਮੁਲਾਂਕਣ ਬਿਨ੍ਹਾਂ ਪ੍ਰੋਗਰਾਮ ਸਿੱਖਣਾ ਸੰਭਵ ਨਹੀਂ ਹੈ।
- ਪਾਠਕ੍ਰਮ ਵਿਕਾਸ :- ਪਾਠਕ੍ਰਮ ਦੀ ਵਿਕਾਸ ਅਨੁਦੇਸਾਤਮਿਕ ਪ੍ਰਕ੍ਰਿਆ ਦਾ ਇੱਕ ਮਹੱਤਵਪੂਰਨ ਪੱਖ ਹੈ। ਮੁਲਾਂਕਣ ਪਾਠਕ੍ਰਮ ਦੇ ਵਿਕਾਸ ਲਈ ਨਵੀਆਂ ਪ੍ਰਕ੍ਰਿਆਵਾਂ, ਖੇਤਰਾਂ ਦੀ ਚੋਣ ਜਿੱਥੇ ਸੁਧਾਰ ਦੀ ਲੋੜ ਹੈ, ਵਾਸਤੇ ਪ੍ਰਭਾਵਸ਼ਾਲੀ ਅੰਕੜੇ ਮੁਹੱਈਆ ਕਰਾਉਂਦਾ ਹੈ। ਮੁਲਾਂਕਣ ਮੌਜੂਦਾ ਪਾਠਕ੍ਰਮ ਦੀ ਪ੍ਰਭਾਵਸ਼ੀਲਤਾ ਜਾਣਨ ਵਿੱਚ ਵੀ ਸਹਾਇਤਾ ਕਰਦਾ ਹੈ। ਇਸ ਤਰ੍ਹਾਂ ਮੁਲਾਂਕਣ ਦੇ ਅੰਕੜੇ ਜਿੱਥੇ ਨਵੇਂ ਪਾਠਕ੍ਰਮ ਨਿਰਮਾਣ ਵਿੱਚ ਸਹਾਈ ਹਨ ਉੱਥੇ ਹੀ ਪੁਰਾਣੇ ਪਾਠਕ੍ਰਮ ਨੂੰ ਜਾਂਚਣ ਵਿੱਚ ਵੀ ਸਹਾਇਤਾ ਕਰਦੇ ਹਨ।
- ਬੱਚਿਆਂ ਦੀ ਪ੍ਰਗਤੀ ਬਾਰੇ ਮਾਪਿਆਂ ਨੂੰ ਰਿਪੋਰਟ ਦੇਣਾ :- ਇੱਕ ਪ੍ਰਣਾਲੀਬੱਧ ਮੁਲਾਂਕਣ ਪ੍ਰਕ੍ਰਿਆ ਬੱਚਿਆਂ ਦੀ ਪ੍ਰਗਤੀ ਦੀ ਵਸਤੂਨਿਸਠ ਤੇ ਸਰਵਵਿਆਪਕ ਤਸਵੀਰ ਪੇਸ਼ ਕਰਦਾ ਹੈ। ਮੁਲਾਂਕਣ ਦੀ ਇਸ ਸਰਵਵਿਆਪਕ ਪ੍ਰਕ੍ਰਿਤੀ ਹੋਣ ਕਰਕੇ ਅਧਿਆਪਕ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਕੁੱਲ ਵਿਕਾਸ ਦੀ ਰਿਪੋਰਟ ਪੇਸ਼ ਕਰ ਸਕਦਾ ਹੈ। ਇਸ ਤਰ੍ਹਾਂ ਬੱਚੇ ਦੀ ਵਸਤੂਨਿਸ਼ਠ ਜਾਣਕਾਰੀ ਅਧਿਆਪਕ ਤੇ ਬੱਚਿਆਂ ਦੇ ਮਾਪਿਆਂ ਵਿਚਕਾਰ ਪ੍ਰਭਾਵਸ਼ਾਲੀ ਸਹਿਯੋਗ ਕਰਨ ਵਿੱਚ ਸਹਾਈ ਹੁੰਦੀ ਹੈ।
- ਅਗਵਾਈ ਅਤੇ ਸਲਾਹਕਾਰੀ ਲਈ ਉਪਯੋਗੀ :- ਨਿੱਜੀ, ਵਿਵਸਾਇਕ ਅਤੇ ਸਿੱਖਿਆ ਅਗਵਾਈ ਲਈ ਮੁਲਾਂਕਣ ਪ੍ਰਕ੍ਰਿਆ ਬਹੁਤ ਜ਼ਰੂਰੀ ਹੈ। ਇਸ ਨਾਲ ਸਲਾਹਕਾਰ ਨੂੰ ਬੱਚਿਆਂ ਦੀ ਯੋਗਤਾਵਾਂ, ਰੁਚੀਆਂ, ਰੁਝਾਨਾਂ ਤੇ ਹੋਰ ਨਿੱਜੀ ਵਿਸ਼ੇਸ਼ਤਾਵਾਂ ਦਾ ਵਸਤੂਨਿਸ਼ਠ ਗਿਆਨ ਹੋ ਜਾਂਦਾ ਹੈ ਜਿਸ ਨਾਲ ਉਹ ਉਨ੍ਹਾਂ ਦੀਆਂ ਨਿੱਜੀ, ਵਿਵਸਾਇਕ ਅਤੇ ਸਿੱਖਿਅਕ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਪ੍ਰਭਾਵਸ਼ਾਲੀ ਮੁਲਾਂਕਣ ਬੱਚੇ ਨੂੰ ਯੋਗ ਅਗਵਾਈ ਤੇ ਸਲਾਹ ਦੇਣ ਲਈ ਉਸਦੀ ਸਰਵਵਿਆਪਕ ਤਸਵੀਰ ਪੇਸ਼ ਕਰਦਾ ਹੈ।

- ❖ ਪ੍ਰਭਾਵਸ਼ਾਲੀ ਸਕੂਲ ਪ੍ਰਬੰਧ :- ਮੁਲਾਂਕਣ ਦੁਆਰਾ ਪ੍ਰਬੰਧਕਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਉਦੇਸ਼ਾਂ ਨੂੰ ਕਿੱਥੋਂ ਤੱਕ ਪ੍ਰਾਪਤ ਕਰ ਲਿਆ ਹੈ ਤੇ ਉਹ ਆਪਣੇ ਪਾਠਕ੍ਰਮ ਦੇ ਮਜਬੂਤ ਤੇ ਕਮਜ਼ੋਰ ਪੱਖਾਂ ਨੂੰ ਲੱਭ ਕੇ ਖਾਸ ਸਕੂਲ ਪ੍ਰੋਗਰਾਮ ਦਾ ਪ੍ਰਬੰਧ ਕਰ ਸਕਦੇ ਹਨ। ਇਸ ਦੇ ਇਲਾਵਾ ਪ੍ਰਬੰਧਕਾਂ ਨੂੰ ਵਿਦਿਆਰਥੀਆਂ ਦੇ ਸਮੂਹਾਂ ਤੋਂ ਉਨ੍ਹਾਂ ਦੇ ਦਾਖਲੇ ਸੰਬੰਧੀ ਨਿਰਣੇ ਲੈਣ ਵਿੱਚ ਵੀ ਮੱਦਦ ਮਿਲਦੀ ਹੈ।
- ❖ ਸਕੂਲ ਖੋਜ ਲਈ ਉਪਯੋਗੀ :- ਸਕੂਲ ਪ੍ਰੋਗਰਾਮ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣ ਲਈ ਖੋਜ ਬਹੁਤ ਮਹੱਤਵਪੂਰਨ ਹੈ। ਮੁਲਾਂਕਣ ਅੰਕੜੇ ਖੋਜ ਖੇਤਰ ਜਿਵੇਂ ਭਿੰਨ-ਭਿੰਨ ਪਾਠਕ੍ਰਮ, ਵੱਖ-ਵੱਖ ਵਿਧੀਆਂ ਦੀ ਪ੍ਰਭਾਵਸ਼ੀਲਤਾ ਅਤੇ ਵੱਖ-ਵੱਖ ਪ੍ਰਬੰਧਕੀ ਯੋਜਨਾਵਾਂ ਦੀ ਪ੍ਰਭਾਵਸ਼ੀਲਤਾ ਦੀ ਤੁਲਨਾ ਲਈ ਉਪਯੋਗੀ ਹੁੰਦੇ ਹਨ।

1.1.3.3.ਨਿਦਾਨਾਤਮਿਕ ਮੁਲਾਂਕਣ :-

ਨਿਦਾਨਾਤਮਿਕ ਮੁਲਾਂਕਣ ਵਿਦਿਆਰਥੀਆਂ ਨੂੰ ਅਨੁਦੇਸਨ ਦੌਰਾਨ ਆਉਣ ਵਾਲੀਆਂ ਸਿੱਖਣ ਸਮੱਸਿਆ ਦੇ ਮੁਲਾਂਕਣ ਨਾਲ ਸੰਬੰਧਤ ਹੈ। ਨਿਦਾਨਾਤਮਿਕ ਟੈਸਟ ਕੋਰਸ ਦੀ ਪੜ੍ਹਾਈ ਦੌਰਾਨ ਵਿਅਕਤੀ ਦੀਆਂ ਕਮਜੋਰੀਆਂ ਤੇ ਖੂਬੀਆਂ ਨੂੰ ਜਾਨਣ ਲਈ ਵਰਤੇ ਜਾਂਦੇ ਹਨ। ਇਸ ਦੌਰਾਨ ਕੋਰਸ ਦੇ ਅਨੁਦੇਸ਼ਨ ਵਿੱਚ ਵਿਦਿਆਰਥੀ ਦੇ ਕਿਸੇ ਖਾਸ ਖੇਤਰ ਵਿੱਚ ਕਮਜੋਰੀ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਫਿਰ ਉਸਨੂੰ ਉਪਚਾਰਾਤਮਿਕ ਸੁਝਾਅ ਦਿੱਤਾ ਜਾਂਦਾ ਹੈ। ਨਿਦਾਨਾਤਮਿਕ ਟੈਸਟ ਵਿਅਕਤੀਗਤ ਪ੍ਰਦਰਸ਼ਨ ਦੇ ਵਿਸ਼ਲੇਸ਼ਣ ਲਈ ਬਣਾਏ ਜਾਂਦੇ ਹਨ ਤੇ ਇਹ ਸਮੱਸਿਆ ਦੇ ਕਾਰਨਾਂ ਬਾਰੇ ਜਾਣਕਾਰੀ ਦਿੰਦੇ ਹਨ। ਜੇਕਰ ਕਿਸੇ ਅਨੁਦੇਸ਼ਨ ਦੌਰਾਨ ਕੋਈ ਬੱਚਾ ਵੱਖ-ਵੱਖ ਵਿਧੀਆਂ ਬਦਲਣ ਦੇ ਬਾਵਜੂਦ ਕਿਸੇ ਵਿਸ਼ੇ ਵਿੱਚ ਫੇਲ ਹੋ ਰਿਹਾ ਹੈ ਤਾਂ ਅਧਿਆਪਕ ਨੂੰ ਨਿਦਾਨਾਤਮਿਕ ਟੈਸਟ ਦੀ ਸਹਾਇਤਾ ਲੈਣੀ ਚਾਹੀਦੀ ਹੈ। ਇਹ ਅਧਿਆਪਕ ਨੂੰ ਇਹ ਜਾਣਨ ਵਿੱਚ ਮਦਦ ਕਰਦਾ ਹੈ ਕਿ ਅਧਿਆਪਨ ਜਾਂ ਸਿੱਖਣ ਵਿੱਚ ਕਿੱਥੇ ਉਹ ਸਫਲ ਹੈ ਤੇ ਕਿੱਥੇ ਉਹ ਫੇਲ ਹੈ। ਨਿਦਾਨਾਤਮਿਕ ਟੈਸਟ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਸ਼ੇ ਵਿੱਚ ਆ ਰਹੀਆਂ ਸਮੱਸਿਆਵਾਂ ਦਾ ਪਤਾ ਲਗਾਉਣਾ ਤਾਂ ਜੋ ਉਨ੍ਹਾਂ ਨੂੰ ਚੰਗੀ ਤਰ੍ਹਾਂ ਦੂਰ ਕੀਤਾ ਜਾ ਸਕੇ। ਇਸ ਸਭ ਦੇ ਬਾਅਦ ਨਿਦਾਨਾਤਮਿਕ ਡਿਗਰੀ ਦਾ ਮਾਮਲਾ ਹੈ। ਇਸ ਲਈ ਨਿਦਾਨਾਤਮਿਕ ਟੈਸਟ ਬਹੁਤ ਸਾਰੀਆਂ ਡਿਗੀਰਆਂ ਦੇ ਹੋ ਸਕਦੇ ਹਨ।

ਅੱਜ ਕੱਲ੍ਹ ਸਿੱਖਿਅਕ ਮੁਲਾਂਕਣ ਵਿੱਚ ਬਹੁਤ ਸਾਰੇ ਟੈਸਟ ਵਰਤੇ ਜਾਂਦੇ ਹਨ ਜਿੰਨ੍ਹਾਂ ਨੂੰ ਨਿਦਾਨਾਤਮਿਕ ਟੈਸਟ ਕਿਹਾ ਜਾਂਦਾ ਹੈ ਕਿਉਂਕਿ ਕੋਈ ਵੀ ਟੈਸਟ ਜਿਸ ਵਿੱਚ ਅੰਤਿਮ ਰੂਪ ਵਿੱਚ ਇਕਹਿਰੇ ਅੰਕ ਹਨ ਦੀ ਪ੍ਰਕ੍ਰਿਤੀ ਨਿਦਾਨਤਮਿਕ ਹੁੰਦੀ ਹੈ। ਅਧਿਆਪਨ ਤੇ ਸਿੱਖਣ ਨੂੰ ਜਿਆਦਾ ਪ੍ਰਭਾਵਸ਼ਾਲੀ ਬਣਾਉਣ ਲਈ ਨਿਦਾਨਤਮਿਕ ਟੈਸਟ ਹੀ ਕਾਫੀ ਨਹੀਂ ਹੁੰਦੇ ਪਰ ਫਿਰ ਵੀ ਇਹ ਅਨੁਦੇਸਾਤਮਿਕ ਪ੍ਰੋਗਰਾਮ ਨੂੰ ਜਿਆਦਾ

ਪ੍ਰਭਾਵਸ਼ਾਲੀ ਬਣਾਉਣ ਲਈ ਵਰਤੇ ਜਾਂਦੇ ਹਨ। ਕਈ ਵਾਰ ਅਧਿਆਪਕ ਬਹੁਤਾ ਸਮਾਂ ਵਿਦਿਆਰਥੀਆਂ ਨੂੰ ਵਾਰ-ਵਾਰ ਇੱਕੋ ਵਿਸ਼ੇ ਨੂੰ ਪੜ੍ਹਾਉਂਦਾ ਹੈ ਕਿਉਂਕਿ ਉਸਦੇ ਦਿਮਾਗ ਵਿੱਚ ਇਹ ਗਲਤ ਧਾਰਨਾਂ ਬਣ ਜਾਂਦੀ ਹੈ ਕਿ ਉਸਦੇ ਵਿਦਿਆਰਥੀ ਉਸਨੂੰ ਸਮਝ ਨਹੀਂ ਰਹੇ ਤੇ ਉਸਦੀ ਪੈਰਵੀ ਨਹੀਂ ਕਰ ਰਹੇ। ਅਸਲ ਕਾਰਨ ਇਹ ਹੁੰਦਾ ਕਿ ਉਸਨੂੰ ਨਿਦਾਨਤਮਿਕ ਟੈਸਟ ਦੀ ਜਾਂ ਤਾਂ ਜਾਣਕਾਰੀ ਨਹੀਂ ਹੁੰਦੀ ਜਾਂ ਫਿਰ ਬਹੁਤ ਘੱਟ ਜਾਣਕਾਰੀ ਹੁੰਦੀ ਹੈ। ਇੱਥੇ ਵਿਦਿਆਰਥੀ ਦੀ ਕਮਜ਼ੋਰੀ ਦਾ ਨਿਦਾਨ (ਪਛਾਣ) ਕਰਨਾ ਚਾਹੀਦਾ ਹੈ ਤੇ ਉਸਦੀ ਮੁਸ਼ਕਲ ਨੂੰ ਦੂਰ ਕਰਨ ਤੇ ਧਿਆਨ ਦੇਣਾ ਚਾਹੀਦਾ ਹੈ।

1.1.3.4. ਸੁਧਾਰਾਤਮਿਕ ਮੁਲਾਂਕਣ :-

ਸੁਧਾਰਾਤਮਿਕ ਮੁਲਾਂਕਣ ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਸਿੱਖਣ ਪ੍ਰਕ੍ਰਿਆ ਦੀ ਨਿਗਰਾਨੀ ਲਈ ਕੀਤਾ ਜਾਂਦਾ ਹੈ। ਇਸ ਦੀ ਪ੍ਰਕ੍ਰਿਤੀ ਵਿਕਾਸਤਮਿਕ ਹੁੰਦੀ ਹੈ। ਇਸ ਨੂੰ ਸ਼ੁਰੂਆਤੀ ਮੁਲਾਂਕਣ ਵੀ ਕਿਹਾ ਜਾਂਦਾ ਹੈ। ਇਸ ਮੁਲਾਂਕਣ ਦਾ ਟੀਚਾ ਵਿਦਿਆਰਥੀ ਦੇ ਸਿੱਖਣ ਤੇ ਅਧਿਆਪਕ ਦੇ ਅਧਿਆਪਨ ਵਿੱਚ ਸੁਧਾਰ ਕਰਨਾ ਹੁੰਦਾ ਹੈ। ਸਾਧਾਰਨ ਤੌਰ ਤੇ ਅਧਿਆਪਕ ਇਸ ਉਦੇਸ਼ ਲਈ ਟੈਸਟ ਬਣਾਉਂਦੇ ਹਨ। ਟੈਸਟ ਦੀਆਂ ਮੱਦਾ ਸੀਮਿਤ ਵਿਸ਼ਾ ਵਸਤੂ 'ਚੋਂ ਬਣਾਈਆਂ ਜਾਂਦੀਆਂ ਹਨ। ਇਹ ਅਧਿਆਪਕਾਂ ਨੂੰ ਆਪਣੀਆਂ ਪੜ੍ਹਾਉਣ ਵਿਧੀਆਂ ਵਿੱਚ ਤਬਦੀਲੀ ਕਰਨ ਅਤੇ ਉਪਚਾਰਾਤਮਿਕ ਕਾਰਜ ਕਰਨ ਲਈ ਪ੍ਰਤੀਪੁਸ਼ਟੀ ਵੀ ਦਿੰਦਾ ਹੈ। ਇਹ ਅਧਿਆਪਨ ਨੂੰ ਇਹ ਜਾਣਨ ਵਿੱਚ ਵੀ ਮੱਦਦ ਕਰਦਾ ਹੈ ਕਿ ਅਨੁਦੇਸਾਤਮਿਕ ਉਦੇਸ਼ਾਂ ਦੀ ਕਿਥੋਂ ਤੱਕ ਪ੍ਰਾਪਤੀ ਹੋਈ ਹੈ। ਮੁਲਾਂਕਣ ਇੱਕ ਪ੍ਰਕ੍ਰਿਆ ਹੈ। ਇਸ ਮੁਲਾਂਕਣ ਵਿੱਚ ਸਿਰਫ ਕੁੱਝ ਕੁ ਕੌਸ਼ਲਾਂ ਨੂੰ ਟੈਸਟ ਕੀਤਾ ਜਾਂਦਾ ਹੈ। ਇਹ ਨਿਰੰਤਰ ਚੱਲਣ ਵਾਲੀ ਪ੍ਰਕ੍ਰਿਆ ਹੈ। ਇਹ ਵਿਦਿਆਰਥੀ ਦੀ ਸਫਲਤਾ ਵਿੱਚ ਹੋਈ ਤਰੱਕੀ ਬਾਰੇ ਦੱਸਦਾ ਹੈ।

1.1.3.5. ਅੰਤਿਮ ਮੁਲਾਂਕਣ :-

ਅੰਤਿਮ ਮੁਲਾਂਕਣ ਕੋਰਸ ਪੂਰਾ ਹੋਣ ਤੇ ਅੰਤ ਵਿੱਚ ਗ੍ਰੇਡ ਦੇਣ ਲਈ ਕੀਤਾ ਜਾਂਦਾ ਹੈ। ਆਮ ਕਰਕੇ ਇਸ ਉਦੇਸ਼ ਲਈ ਮਿਆਰੀ ਟੈਸਟਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੰਤਿਮ ਮੁਲਾਂਕਣ ਦੀ ਪ੍ਰਕ੍ਰਿਤੀ ਟਰਮੀਨਲ (Terminal) ਹੁੰਦੀ ਹੈ ਤੇ ਇਸਦਾ ਉਦੇਸ਼ ਵਿਦਿਆਰਥੀਆਂ ਦੀ ਪ੍ਰਾਪਤੀ ਨੂੰ ਜਾਂਚਣਾ ਹੁੰਦਾ ਹੈ। ਟੈਸਟ ਦੀਆਂ ਮੱਦਾ ਪੂਰੇ ਵਿਸ਼ਾ-ਵਸਤੂ ਚੋਂ ਲਈਆਂ ਜਾਂਦੀਆਂ ਹਨ। ਇਹ ਅਨੁਦੇਸਾਤਮਿਕ ਉਦੇਸ਼ਾਂ ਦੀ ਸੁਨਿਸ਼ਚਤਾ ਦਾ ਨਿਰਣਾ ਕਰਨ ਵਿੱਚ ਸਹਾਈ ਹੁੰਦਾ ਇਹ ਅਧਿਆਪਕ ਨੂੰ ਅਨੁਦੇਸਾਤਮਿਕ ਪ੍ਰਕ੍ਰਿਆ ਦੀ ਪ੍ਰਭਾਵਸੀਲਤਾ ਬਾਰੇ ਜਾਣਨ ਵਿੱਚ ਮੱਦਦ ਕਰਦਾ ਹੈ। ਇਹ ਲਗਾਤਾਰ ਚੱਲਣ ਵਾਲੀ ਪ੍ਰਕ੍ਰਿਆ ਨਹੀਂ। ਅੰਤਿਮ ਮੁਲਾਂਕਣ ਵਿੱਚ ਬਹੁਤ ਸਾਰੇ ਕੌਸ਼ਲਾਂ ਨੂੰ ਚੈੱਕ ਕੀਤਾ ਜਾਂਦਾ ਹੈ। ਇਹ ਵਿਦਿਆਰਥੀ ਦੀ ਕੋਰਸ ਵਿਸ਼ਾ-ਵਸਤੂ ਉੱਪਰ ਆਮ ਪਕੜ ਬਾਰੇ ਸਾਫ ਕਰਦਾ ਹੈ ਅਤੇ ਇਹ ਮੁਲਾਂਕਣ ਉਤਪਾਦਨ ਦੇ ਤੌਰ ਤੇ ਸਮਝਿਆ ਜਾਂਦਾ ਹੈ।

1.1.4. ਸੰਖੇਪ (ਸਾਰ-ਅੰਸ਼) :-

ਸਿੱਖਿਆ ਵਿੱਚ ਆਂਕਲਣ ਇਸ ਪ੍ਰਕ੍ਰਿਆ ਵਿੱਚ ਸੁਧਾਰ ਕਰਨ ਲਈ ਕੀਤਾ ਜਾਂਦਾ ਹੈ। ਆਂਕਲਣ ਦੀ ਪ੍ਰਕ੍ਰਿਆ ਤੋਂ ਭਾਵ ਹੈ ਕਿ ਉਸ ਦਸਾ ਤੇ ਹਾਲਾਤ ਨੂੰ ਸਮਝਣਾ ਜੋ ਕਿ ਵਸਤੂਨਿਸਠ ਮਾਪਣ ਅਤੇ ਨਿਰੀਖਣ ਦੀ ਪ੍ਰਕ੍ਰਿਆ ਦੇ ਵਿਚੋਂ ਦੀ ਗੁਜਰਦੇ ਹਨ। ਆਂਕਲਣ ਸਿੱਖਣ ਤੇ ਅਧਿਆਪਨ ਦੇ ਨਾਲ ਹੀ ਨਤੀਜਿਆਂ ਨੂੰ ਵੀ ਧਿਆਨ ਵਿੱਚ ਰੱਖਦਾ ਹੈ। ਆਂਕਲਣ ਲਈ ਇੱਕ ਛੋਟਾ ਦਸਤਾਵੇਜ (Paper) ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ। ਇਹ ਦਰਸਾਉਂਦਾ ਹੈ ਕਿ ਉਨ੍ਹਾਂ ਨੇ ਕਿੰਨ੍ਹਾਂ ਸਿੱਖਿਆ ਹੈ। ਮੁਲਾਂਕਣ ਦਾ ਅਰਥ ਇਹ ਮਾਪਣਾ ਹੈ ਜਾਂ ਨਿਰੀਖਣ ਕਰਨਾ ਤੇ ਨਿਰਧਾਰਿਤ ਕਰਨਾ ਹੈ ਕਿ ਕੋਈ ਵਿਦਿਆਰਥੀ ਇਸ ਪ੍ਰਕ੍ਰਿਆ ਦੌਰਾਨ ਦੂਜਿਆਂ ਮੁਕਾਬਲੇ ਕਿੰਨ੍ਹਾਂ ਸਿੱਖਿਆ ਹੈ। ਮੁਲਾਂਕਣ ਦਾ ਕੇਂਦਰ ਬਿੰਦੂ ਗ੍ਰੇਡ ਹੁੰਦਾ ਹੈ। ਆਂਕਲਣ ਨੂੰ ਪ੍ਰਕ੍ਰਿਆ ਕੇਂਦਰਿਤ ਜਾਣਿਆ ਜਾਂਦਾ ਹੈ ਭਾਵ ਕਿ ਇਹ ਪ੍ਰਕ੍ਰਿਆ ਵਿੱਚ ਸੁਧਾਰ ਕੇਂਦਰਿਤ ਹੁੰਦਾ ਹੈ। ਮੁਲਾਂਕਣ ਨੂੰ ਉਤਪਾਦਨ ਕੇਂਦਰਿਤ ਜਾਣਿਆ ਜਾਂਦਾ ਹੈ ਭਾਵ ਕਿ ਇਸ ਵਿੱਚ ਪ੍ਰਕ੍ਰਿਆ ਦੀ ਗੁਣਵੱਤਾ ਤੇ ਜ਼ੋਰ ਹੁੰਦਾ ਹੈ। ਅਧਿਆਪਨ ਸਿੱਖਣ ਪ੍ਰਕ੍ਰਿਆ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਸਿੱਖਣ ਪ੍ਰਾਪਤੀ ਹੁੰਦਾ ਹੈ। ਅਧਿਆਪਨ ਸਿੱਖਣ ਪ੍ਰਕ੍ਰਿਆ ਵਿੱਚ ਵਿਦਿਆਰਥੀਆਂ ਦੀ ਲੋੜ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਮੁਲਾਂਕਣ ਇਹ ਜਾਣਨ ਵਿੱਚ ਕਿ ਵਿਦਿਆਰਥੀਆਂ ਨੇ ਅਨੁਦੇਸਾਤਮਿਕ ਪ੍ਰਕ੍ਰਿਆ ਤੋਂ ਕਿੰਨੀ ਜਾਣਕਾਰੀ ਜਾਂ ਕੌਸ਼ਲਾਂ ਸਿੱਖੀਆਂ ਹਨ ਵਿੱਚ ਮੱਦਦ ਕਰਦਾ ਹੈ। ਨਿਦਾਨਾਤਮਿਕ ਮੁਲਾਂਕਣ ਅਨੁਦੇਸ਼ਨ ਦੌਰਾਨ ਵਿਦਿਆਰਥੀ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਮੁਲਾਂਕਣ ਕਰਦਾ ਹੈ। ਇਸ ਲਈ ਨਿਦਾਨਾਤਮਿਕ ਟੈਸਟਾਂ ਦਾ ਉਪਯੋਗ ਕੀਤਾ ਜਾਂਦਾ। ਇਹ ਕੋਰਸ ਦੀ ਪੜ੍ਹਾਈ ਦੌਰਾਨ ਵਿਅਕਤੀ ਦੀਆਂ ਕਮਜੋਰੀਆਂ ਤੇ ਖੂਬੀਆਂ ਨੂੰ ਜਾਣਨ ਲਈ ਉਪਯੋਗੀ ਹੁੰਦਾ ਹੈ। ਸੁਧਾਰਾਤਮਿਕ ਮੁਲਾਂਕਣ ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਸਿੱਖਣ ਪ੍ਰਕ੍ਰਿਆ ਦੀ ਨਿਗਰਾਨੀ ਲਈ ਕੀਤਾ ਜਾਂਦਾ। ਇਸ ਦੀ ਪ੍ਰਕ੍ਰਿਤੀ ਵਿਕਾਸਤਮਿਕ ਹੁੰਦੀ ਹੈ। ਇਸ ਮੁਲਾਂਕਣ ਦਾ ਟੀਚਾ ਵਿਦਿਆਰਥੀ ਦੇ ਸਿੱਖਣ ਤੇ ਅਧਿਆਪਕ ਦੇ ਅਧਿਆਪਨ ਵਿੱਚ ਸੁਧਾਰ ਕਰਨਾ ਹੁੰਦਾ ਹੈ। ਅੰਤਿਮ ਮੁਲਾਂਕਣ ਕੋਰਸ ਪੂਰਾ ਹੋਣ ਤੇ ਅੰਤ ਵਿੱਚ ਗ੍ਰੇਡ ਦੇਣ ਲਈ ਕੀਤਾ ਜਾਂਦਾ ਹੈ। ਆਮ ਕਰਕੇ ਇਸ ਲਈ ਮਿਆਰੀ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅੰਤਿਮ ਮੁਲਾਂਕਣ ਦੀ ਪ੍ਰਕ੍ਰਿਤੀ ਟਰਮੀਨਲ (Terminal) ਹੁੰਦੀ ਹੈ ਤੇ ਇਸਦਾ ਉਦੇਸ਼ ਵਿਦਿਆਰਥੀਆਂ ਦੀ ਅੰਤਿਮ ਪ੍ਰਾਪਤੀ ਨੂੰ ਜਾਂਚਣਾ ਹੁੰਦੀ ਹੈ।

1.1.5. ਕੁੰਜੀਵਤ ਸਬਦ :-

ਨਿਰੀਖਣ, ਸੁਧਾਰਾਤਮਿਕ, ਅੰਤਿਮ, ਉਪਚਾਰਾਤਮਿਕ ਅਧਿਆਪਨ, ਉਤਪਾਦਨ ਕੇਂਦਰਿਤ, ਪ੍ਰਕ੍ਰਿਆ ਕੇਂਦਰਿਤ।

1.1.6.ਸੁਝਾਏ ਗਏ ਸਵਾਲ :-

- ਤੁਹਾਡਾ ਆਂਕਲਣ ਤੇ ਮੁਲਾਂਕਣ ਤੋਂ ਕੀ ਭਾਵ ਹੈ? ਆਪਦੇ ਸ਼ਬਦਾਂ ਵਿੱਚੋਂ ਲਿਖੋ।
- ਆਂਕਲਣ ਤੇ ਮੁਲਾਂਕਣ ਦੇ ਉਦੇਸ਼ ਦੱਸੋ?
- ਨਿਦਾਨਾਤਮਿਕ ਮੁਲਾਂਕਣ ਤੇ ਸੁਧਾਰਾਤਮਿਕ ਮੁਲਾਂਕਣ ਬਾਰੇ ਸੰਖਪੇ ਵਿੱਚ ਲਿਖੋ?

**1.1.7. ਪ੍ਰਸਤਾਵਿਤ ਅਧਿਐਨ :-**


- Borg and Gall. Educational Research : An Introduction, Longman, New York.
- Kaur and Bist (2016) Assessment for Learning, R. Lall Publishers, Meerut.
- Patel, R.N. Measurement and Evalution.


**1.1.8. ਸਵੈ-ਜਾਂਚ ਸੂਚੀ :-**

1. ਆਂਕਲਣ ਸਿੱਖਣ, ..........ਨਾਲ ਹੀ ਨਤੀਜਿਆਂ ਨੂੰ ਵੀ ਧਿਆਨ ਵਿੱਚ ਰੱਖਦਾ ਹੈ।
2. ਮੁਲਾਂਕਣ ਦਾ ਕੇਂਦਰ ਬਿੰਦੂ............... ਹੁੰਦਾ ਹੈ।
3. ਨਿਦਾਨਾਤਮਿਕ ਟੈਸਟ ................ਪ੍ਰਦਰਸਨ ਦਾ ਵਿਸ਼ਲੇਸ਼ਣ ਕਰਨ ਲਈ ਬਣਾਏ ਜਾਂਦੇ ਹਨ।
4. ਸੁਧਾਰਾਤਮਿਕ ਮੁਲਾਂਕਣ ਦੀ ਪ੍ਰਕ੍ਰਿਤੀ............ਹੁੰਦੀ ਹੈ।
5. ਅੰਤਿਮ ਮੁਲਾਂਕਣ ਕੋਰਸ ਪੂਰਾ ਹੋਣ ਤੇ ਅੰਤ ਵਿੱਚ .................ਦੇਣ ਲਈ ਕੀਤਾ ਜਾਂਦਾ ਹੈ।

ਉੱਤਰ :- 1) ਅਧਿਆਪਨ 2) ਗੁਣਵੱਤਾ 3) ਵਿਅਕਤੀਗਤ 4) ਵਿਕਾਸਾਤਮਿਕ 5) ਗ੍ਰੇਡ (ਦਰਜ)।

**ਪਾਠ ਨੰਬਰ : 1.2** **ਲੇਖਕ : ਡਾ. ਮਨਜੀਤ ਕੌਰ**

## ਨਿਰਧਾਰਣ ਦੇ ਸੰਦ- ਪ੍ਰੋਜੈਕਟ ਵਿਧੀ

**ਪਾਠ ਦੀ ਬਣਤਰ :**

**1.2.0 ਉਦੇਸ਼ (Aims)**

**1.2.1 ਜਾਣਕਾਰੀ ਅਤੇ ਅਰਥ (Introduction and Meaning)**

**1.2.2 ਪ੍ਰਾਜੈਕਟ ਵਿਧੀ (Project Method)**

1.2.2.1 ਪ੍ਰਾਜੈਕਟ ਵਿਧੀ ਦੀਆਂ ਪਰਿਭਾਸ਼ਾਵਾਂ ਅਤੇ ਸਿਧਾਂਤ

1.2.2.2 ਪ੍ਰਾਜੈਕਟ ਵਿਧੀ ਦਾ ਕਿਰਿਆਤਮਕ ਸਰੂਪ

1.2.2.3 ਪ੍ਰਾਜੈਕਟ ਵਿਧੀ ਦੇ ਲਾਭ ਅਤੇ ਉਣਤਾਈਆਂ

1.2.2.4 ਪ੍ਰੋਜੈਕਟ ਵਿਧੀ ਦੀਆਂ ਹਾਨੀਆਂ

1.2.2.5 ਕੁਛ ਢੁਕਵੇਂ ਪ੍ਰੋਜੈਕਟ

**1.2.4 ਸਾਰ (summary)**

**1.2.5 ਸੁਝਾਏ ਪ੍ਰਸ਼ਨ (Suggested Questions)**

**1.2.6 ਸੁਝਾਈਆਂ ਪੁਸਤਕਾਂ (Suggested Books)**

### 1.2.0 ਉਦੇਸ਼ (Aims) :

ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੇ ਸੰਕਲਪਾਂ ਨੂੰ ਸਮਝਣ ਯੋਗ ਹੋ ਜਾਵੋਗੇ :

(ੳ) ਪ੍ਰੋਜੈਕਟ ਵਿਧੀ ਦਾ ਸੰਕਲਪ

(ਅ) ਪ੍ਰਾਜੈਕਟ ਵਿਧੀ ਦਾ ਅਰਥ ਇਸਦੇ ਲਾਭ ਅਤੇ ਹਾਨੀਆਂ।

(ੲ) ਪ੍ਰਾਜੈਕਟ ਵਿਧੀ ਦੇ ਮੁਢਲੇ ਸਿਧਾਂਤ।

### 1.2.1 ਜਾਣਕਾਰੀ ਅਤੇ ਅਰਥ (Introduction and Meaning):

ਵਿਦਿਆਰਥੀ ਦੇ ਸਿੱਖਣ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅਧਿਆਪਕ ਨੂੰ ਵਿਸ਼ਾ-ਵਸਤੂ ਅਤੇ ਅਧਿਆਪਨ ਢੰਗਾਂ ਵਿੱਚ ਮਾਹਿਰ ਹੋਣਾ ਚਾਹੀਦਾ ਹੈ। ਬੀਨਇੰਗ ਅਤੇ ਬੀਨਇੰਗ ਦੇ ਅਨੁਸਾਰ, ''ਜੇਕਰ ਅਧਿਆਪਨ ਨੂੰ ਵੱਧ ਤੋਂ ਵੱਧ

ਕਾਰਜਕੁਸ਼ਲਤਾ ਜਾਂ ਪ੍ਰਬੀਨਤਾ ਤੱਕ ਪਹੁੰਚਾਉਣਾ ਹੈ ਤਾਂ ਇਹ ਸਪੱਸ਼ਟ ਹੈ ਕਿ ਅਧਿਆਪਕਾਂ ਨੂੰ ਆਪਣੇ ਵਿਸ਼ੇ ਦੀ ਪੜ੍ਹਾਉਣ ਸਮੱਗਰੀ ਵਿੱਚ ਪੂਰੀ ਤਰ੍ਹਾਂ ਮਾਹਿਰ ਹੋਣਾ ਚਾਹੀਦਾ ਹੈ ਅਤੇ ਮਨੋਵਿਗਿਆਨ ਸਮੇਤ, ਸਿੱਖਿਆ ਦੀ ਫਿਲਾਸਫੀ ਦੇ ਉਸ ਭਾਗ ਨਾਲ, ਜਿਹੜਾ ਕਿ ਚੰਗੇ ਅਧਿਆਪਨ ਲਈ ਜ਼ਰੂਰੀ ਹੈ ਕਿ ਵਿਧੀ ਦੇ ਸਾਰੇ ਪੜਾਵਾਂ ਬਾਰੇ ਸੂਝ ਰੱਖੇ।''

"If teaching is to reach its highest degree of efficiency, it is evident that teacher must be thoroughly trained in the materials of instruction in their fields and must also possess a broad understanding of all phases of method - including psychology - as a part of philosophy of education which is essential to good teaching."

ਸੈਕੰਡਰੀ ਐਜੂਕੇਸ਼ਨ ਕਮਿਸ਼ਨ ਨੇ ਇਸਨੂੰ ਪਰਿਭਾਸ਼ਿਤ ਕਰਦੇ ਹੋਏ ਕਿਹਾ ਹੈ, ''ਹਰੇਕ ਅਧਿਆਪਕ ਅਤੇ ਸਿੱਖਿਆ ਸ਼ਾਸਤਰੀ ਦਾ ਅਨੁਭਵ ਦੱਸਦਾ ਹੈ ਕਿ ਇੱਥੋਂ ਤੱਕ ਵਧੀਆ ਪਾਠ-ਕ੍ਰਮ ਅਤੇ ਸਭ ਤੋਂ ਵਧੀਆ ਪਾਠ-ਕ੍ਰਮ ਅਤੇ ਸਭ ਤੋਂ ਉਤਮ ਸਿਲੇਬਸ ਉਦੋਂ ਤੱਕ ਅਸਫਲ ਰਹੇਗਾ ਜਦੋਂ ਤੱਕ ਸਹੀ ਅਧਿਆਪਨ ਵਿਧੀ ਨੂੰ ਲਾਗੂ ਕਰਨ ਦੀ ਵਿਵਸਥਾ ਨਾ ਕੀਤੀ ਜਾਵੇ।''

"Every teacher and educationist knows that even the best curriculum and the most perfect syllabus remain dead unless quickened into life by the right methods of teaching and the right mind of teacher."

ਅਧਿਆਪਨ ਵਿਧੀ ਦਾ ਸਿੱਖਿਆ ਵਿੱਚ ਅਹਿਮ ਸਥਾਨ ਹੈ। ਇਸਦੀ ਅਣਹੋਂਦ ਵਿੱਚ ਸਿੱਖਣ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਨਹੀਂ ਬਣਾਇਆ ਜਾ ਸਕਦਾ।

**ਜਾਣ ਪਛਾਣ:** ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਆਂਕਲਣ ਕਰਨ ਲਈ ਸਕੂਲ ਪਾਠਕ੍ਰਮ ਵਿਚ ਵਿਭਿੰਨ ਤਕਨੀਕਾਂ ਅਤੇ ਉਪਕਰਣਾ ਦੀ ਵਰਤੋਂ ਕੀਤੀ ਜਾਂਦੀ ਹੈ। ਤਕਨੀਕਾਂ ਤੋ ਇਲਾਵਾਂ ਕੁਝ ਗੈਰ-ਸਕੂਲੀ ਯਤਨ ਵੀ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੇ ਆਂਕਲਣ ਲਈ ਬਹੁਤ ਸਾਰੀਆ ਪਰੀਖਣ ਅਧਾਰਿਤ ਅਤੇ ਗੈਰ-ਪਰੀਖਣ ਅਧਾਰਿਤ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

### 1.2.3 ਪ੍ਰਾਜੈਕਟ ਵਿਧੀ (Project Method):

ਆਮ ਭਾਸ਼ਾ ਵਿੱਚ ਇਸ ਵਿਧੀ ਨੂੰ ਕਿਰਿਆਤਮਿਕ ਢੰਗ ਵੀ ਕਿਹਾ ਜਾ ਸਕਦਾ ਹੈ। ਜਾਨ ਡਿਊਈ ਨੇ ਇਸ ਵਿਧੀ ਤੇ ਖੋਜ ਕੀਤੀ ਸੀ ਅਤੇ ਉਸ ਦੇ ਸਿੱਖਿਆ ਦੇ ਸਿਧਾਂਤ ਨੂੰ ਉਸਦੇ ਸਾਥੀ ਕਿਲ ਪੈਟਰਿਕ ਨੇ ਪ੍ਰੈਕਟੀਕਲ ਰੂਪ ਵਿੱਚ ਅਪਣਾਇਆ ਸੀ। ਕਿਸੇ ਕੰਮ ਨੂੰ ਬੱਚਿਆਂ ਦਾ ਕੁਦਰਤੀ ਵਾਤਾਵਰਣ ਵਿੱਚ ਕਰਨਾ ਪ੍ਰਾਜੇਕਟ ਅਖਵਾਉਂਦਾ ਹੈ। ਪ੍ਰਾਜੈਕਟ ਤੋਂ ਭਾਵ ਵਿਉਂਤਬੰਦੀ ਜਾਂ ਯੋਜਨਾਬੰਦ ਹੈ। ਪ੍ਰਾਜੈਕਟ ਵਿਧੀ ਦਾ ਅਰਥ ਹੇਠ ਲਿਖੀਆਂ ਪਰਿਭਾਸ਼ਾਵਾਂ ਨਾਲ ਹੋਰ ਵੀ ਸਪੱਸ਼ਟ ਹੋ ਜਾਵੇਗੀ।

1. ਬਲਾਰਡ (Ballard) ਦੇ ਅਨੁਸਾਰ, ''ਪ੍ਰਾਜੈਕਟ ਇੱਕ ਅਸਲ ਜ਼ਿੰਦਗੀ ਦਾ ਹਿੱਸਾ ਹੈ, ਜਿਹੜਾ ਕਿ ਸਕੂਲਾਂ ਨੂੰ ਦਿੱਤਾ ਗਿਆ ਹੈ।'' ("A project is a bit of real life that has been imparted into school").

2. ਕਿਲ ਪੈਟਰਿਕ (Kilpatric) ਅਨੁਸਾਰ, ''ਪ੍ਰਾਜੈਕਟ ਇੱਕ ਅਜਿਹੀ ਉਦੇਸ਼ਪੂਰਨ ਕਿਰਿਆ ਹੈ, ਜਿਸ ਨੂੰ ਸਮਾਜਿਕ ਵਾਤਾਵਰਨ ਵਿੱਚ ਪੂਰੀ ਲਗਨ ਨਾਲ ਕੀਤਾ ਜਾਂਦਾ ਹੈ।'' (A project is a purposeful activity provided most earnestly in a social environment")

3. ਜੇ.ਏ. ਸਟੈਵਨਸਨ (J.A. Stevenson) ਦੇ ਅਨੁਸਾਰ, ''ਪ੍ਰਾਜੈਕਟ ਇੱਕ ਸਮੱਸਿਆਤਮਿਕ ਆਧਾਰਤ ਕੰਮ ਹੈ ਜੋ ਕੁਦਰਤੀ ਹਾਲਾਤਾਂ ਅਧੀਨ ਸੰਪੂਰਨ ਕੀਤਾ ਜਾਂਦਾ ਹੈ।'' ("A project is a problematic act carried to completion in its natural setting").

ਪ੍ਰੋਜੈਕਟ ਵਿਧੀ ਵਿਦਿਆਰਥੀਆਂ ਰਾਹੀਂ ਅਸਲ ਕਾਰਜ ਜਾਂ ਕਿਰਿਆ 'ਤੇ ਵਧੇਰੇ ਜ਼ੋਰ ਦਿੰਦੀ ਹੈ। ਅਧਿਆਪਕ ਤਾਂ ਸਿਰਫ਼ ਮਾਰਗ ਦਰਸ਼ਕ ਅਤੇ ਸਹਾਇਕ ਦਾ ਸਥਾਨ ਰੱਖਦਾ ਹੈ। ਇਸ ਵਿਧੀ ਵਿੱਚ ਪਾਠਕ੍ਰਮ, ਸਮੱਗਰੀ ਅਤੇ ਸਿੱਖਣ ਵਿਧੀ ਦਾ ਵਿਚਾਰ ਬੱਚੇ ਦੇ ਦ੍ਰਿਸ਼ਟੀਕੋਣ ਨਾਲ ਕੀਤਾ ਜਾਂਦਾ ਹੈ। ਇਹ ਵਿਧੀ, 'ਪ੍ਰਯੋਗ ਕਰਦੇ ਹੋਏ ਸਿੱਖਣ' ਦੇ ਤਰਕ ਉਤੇ ਵਧੇਰੇ ਕੇਂਦਰਿਤ ਹੈ।

### 1.2.3.1 ਪ੍ਰਾਜੈਕਟ ਵਿਧੀ ਦੇ ਮੁੱਢਲੇ ਸਿਧਾਂਤ ਜਾਂ ਵਿਸ਼ੇਸ਼ਤਾਵਾਂ (Basic Principles or features of the project method):

ਪ੍ਰੋਜੈਕਟ ਵਿਧੀ ਇੱਕ ਮਨੋਵਿਗਿਆਨਕ ਵਿਧੀ ਹੈ, ਇਹ ਵਿਧੀ ਹੇਠ ਲਿਖੇ ਸਿਧਾਂਤਾਂ ਅਤੇ ਵਿਸ਼ੇਸ਼ਤਾਵਾਂ ਉਤੇ ਆਧਾਰਿਤ ਹੈ :

**(i)** **ਕਿਰਿਆ ਦਾ ਸਿਧਾਂਤ (Principle of activity):** ਜਿਸ ਪ੍ਰੋਜੈਕਟ ਦੀ ਚੋਣ ਕੀਤੀ ਜਾਵੇ ਉਸ ਵਿੱਚ ਸਰੀਰਿਕ ਅਤੇ ਦਿਮਾਗੀ ਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ।

**(ii)** **ਮੰਤਵ ਦਾ ਸਿਧਾਂਤ (Principle of aims):** ਪ੍ਰੋਜੈਕਟ ਮੰਤਵ ਉਤੇ ਆਧਾਰਿਤ ਹੋਣਾ ਚਾਹੀਦਾ ਹੈ। ਪ੍ਰੋਜੈਕਟ ਵਿੱਚ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਉਦੇਸ਼ਪੂਰਨ ਹੋਣੀਆਂ ਚਾਹੀਦੀਆਂ ਹਨ ਅਤੇ ਇਹ ਬੱਚਿਆਂ ਦੀਆਂ ਲੋੜਾਂ ਅਨੁਸਾਰ ਹੋਣੀਆਂ ਚਾਹੀਦੀਆਂ ਹਨ।

**(iii)** **ਤਜ਼ਰਬੇ ਦਾ ਸਿਧਾਂਤ (Principle of experience):** ਪ੍ਰੋਜੈਕਟ ਵਿਦਿਆਰਥੀਆਂ ਨੂੰ ਕਈ ਤਰਾਂ ਦੇ ਤਜ਼ਰਬੇ ਪ੍ਰਦਾਨ ਕਰਨ ਵਾਲਾ ਹੋਣਾ ਚਾਹੀਦਾ ਹੈ, ਕਿਉਂਕਿ ਬੱਚੇ ਪ੍ਰਤੱਖ ਤਜ਼ਰਬਿਆਂ ਤੋਂ ਜਲਦੀ ਸਿੱਖਦੇ ਹਨ।

**(iv)** **ਸੁਤੰਤਰਤਾ ਦਾ ਸਿਧਾਂਤ (Principle of freedom):** ਪ੍ਰੋਜੈਕਟ ਨਾਲ ਸੰਬੰਧਿਤ ਵੱਖ-ਵੱਖ ਕਿਰਿਆਵਾਂ ਵਿੱਚ ਹਿੱਸਾ ਲੈਣ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ।

**(v)** **ਉਪਯੋਗਿਤਾ ਦਾ ਸਿਧਾਂਤ (Principle of utility):** ਕਿਰਿਆਵਾਂ ਦੁਆਰਾ ਪ੍ਰਾਪਤ ਗਿਆਨ ਉਪਯੋਗੀ ਹੋਣਾ ਚਾਹੀਦਾ ਹੈ।

**(vi)** **ਅਸਲੀਅਤ ਦਾ ਸਿਧਾਂਤ (Principle of reality):** ਖੁਦ ਮਨੁੱਖੀ ਜੀਵਨ ਹੀ ਇੱਕ ਮਹਾਨ ਯੋਜਨਾ ਹੈ। ਜੇਕਰ ਸਿੱਖਿਆ ਦਾ ਅਰਥ ਜੀਵਨ ਦੀ ਤਿਆਰੀ ਹੈ ਤਾਂ ਸਾਨੂੰ ਸਕੂਲ ਵਿੱਚ ਅਸਲ ਜੀਵਨ ਦੀਆਂ ਹਾਲਤਾਂ ਪੈਦਾ ਕਰਨੀਆਂ ਹੋਣਗੀਆਂ। ਪ੍ਰੋਜੈਕਟ ਵਿਧੀ ਵਿੱਚ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਕਿ ਉਹ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਜੀਵਨ ਦੀਆਂ ਅਸਲ ਹਾਲਤਾਂ ਵਿੱਚ ਕਰ ਸਕਣ। ਇਹੀ ਕਾਰਨ ਹੈ ਕਿ ਉਹ ਅਜਿਹੀਆਂ ਕਿਰਿਆਵਾਂ ਵਿੱਚ ਸਹਿਜ ਰੁੱਚੀ ਲੈਂਦੇ ਹਨ।

### 1.2.3.2 ਪ੍ਰਜੈਕਟ ਵਿਧੀ ਦਾ ਕਿਰਿਆਤਮਕ ਸਰੂਪ (Practical working of the project method):

ਪ੍ਰੋਜੈਕਟ ਵਿਧੀ ਦਾ ਕਿਰਿਆਤਮਕ ਸਰੂਪ ਹੇਠ ਲਿਖਿਆ ਹੈ :

**(i)** **ਯੋਗ ਵਾਤਾਵਰਨ (Proper environment):** ਪ੍ਰੋਜੈਕਟ ਵਿਧੀ ਦਾ ਪਹਿਲਾ ਪੜਾਅ ਯੋਗ ਵਾਤਾਵਰਨ ਦਾ ਪ੍ਰਬੰਧ ਕਰਨਾ ਹੈ, ਜਿੱਥੇ ਬੱਚੇ ਅਸਰਦਾਇਕ ਕਾਰਵਾਈ ਲਈ ਆਪਣੇ ਆਪ ਨੂੰ ਪ੍ਰੇਰਿਤ ਕਰ ਸਕਣ। ਅਧਿਆਪਕ ਵਿਚਾਰ-ਵਟਾਂਦਰਾ, ਤਸਵੀਰਾਂ, ਮਾਡਲ ਅਤੇ ਗੱਲਬਾਤ ਰਾਹੀਂ ਵਿਦਿਆਰਥੀਆਂ ਦੀਆਂ ਰੁਚੀਆਂ ਦਾ ਪਤਾ ਲਗਾ ਸਕਦਾ ਹੈ। ਉਦਾਹਰਣ ਲਈ ਜੇਕਰ ਭਾਖੜਾ ਡੈਮ ਉਤੇ ਆਧਾਰਿਤ ਮਾਡਲ ਬਣਾਉਂਦਾ ਹੈ ਤਾਂ ਵਿਦਿਆਰਥੀਆਂ ਨੂੰ ਭਾਖੜਾ ਡੈਮ ਦੀ ਸੈਰ ਕਰਵਾਉਣੀ ਚਾਹੀਦੀ ਹੈ ਤਾਂ

ਕਿ ਵਿਦਿਆਰਥੀ ਪ੍ਰੋਜੈਕਟ ਬਾਰੇ ਸਹੀ ਚੋਣ ਕਰ ਸਕਣ।

(ii) **ਪ੍ਰੋਜੈਕਟ ਦੀ ਚੋਣ (Selection of project):** ਸਥਿਤੀ ਦਾ ਪ੍ਰਬੰਧ ਕਰਨ ਤੋਂ ਬਾਅਦ ਅਗਲੀ ਅਵਸਥਾ ਚੰਗੀ ਯੋਜਨਾ ਦੀ ਚੋਣ ਕਰਨੀ ਹੁੰਦੀ ਹੈ। ਸਿਰਫ਼ ਅਜਿਹੀ ਯੋਜਨਾ ਦੀ ਹੀ ਚੋਣ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਵਿਦਿਆਰਥੀਆਂ ਦੀ ਅਸਲ ਸਮੱਸਿਆ ਦੀ ਪੂਰਤੀ ਹੋ ਸਕੇ ਅਤੇ ਉਹ ਉਨ੍ਹਾਂ ਸਾਰਿਆਂ ਦੇ ਭਲੇ ਲਈ ਹੋਵੇ। ਵਿਦਿਆਰਥੀ ਇਹ ਮਹਿਸੂਸ ਕਰਨ ਕਿ ਇਹ ਯੋਜਨਾ ਉਨ੍ਹਾਂ ਦੀ ਆਪਣੀ ਹੀ ਹੈ। ਡਾ. ਕਿਲਪੈਟਰਿਕ (Dr. Kilpatrick) ਦੇ ਸ਼ਬਦਾਂ ਵਿੱਚ, "ਵਧੇਰੇ ਸਕੂਲੀ ਕੰਮ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਭੂਮਿਕਾ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਦੇਸ਼ ਨਿਰਧਾਰਨ ਕੌਣ ਕਰਦਾ ਹੈ। ਅਸਲ ਵਿੱਚ ਇਹ ਸਭ ਤੋਂ ਵੱਡਾ ਕਾਰਜ ਹੈ।" ਯੋਜਨਾ ਦੀ ਚੋਣ ਵਿਦਿਆਰਥੀਆਂ ਦੀਆਂ ਯੋਗਤਾਵਾਂ ਅਤੇ ਇਸ ਉਤੇ ਹੋਣ ਵਾਲੇ ਖਰਚ ਦੇ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ।

(iii) **ਨਿਯੋਜਨ (Planning):** ਯੋਜਨਾ ਦੀ ਚੋਣ ਤੋਂ ਬਾਅਦ ਅਗਲੀ ਸਟੇਜ ਯੋਜਨਾ ਪੂਰਤੀ ਦੇ ਲਈ ਕਾਰਜਕ੍ਰਮ ਤਿਆਰ ਕਰਨ ਦੀ ਹੁੰਦੀ ਹੈ। ਇਹ ਸਾਰਾ ਕੰਮ ਵਿਦਿਆਰਥੀਆਂ ਰਾਹੀਂ ਅਧਿਆਪਕਾਂ ਦੇ ਨਿਰਦੇਸ਼ਨ ਵਿੱਚ ਹੋਏ ਵਾਦ-ਵਿਵਾਦ ਤੋਂ ਬਾਅਦ ਤਿਆਰ ਕੀਤਾ ਜਾਣਾ ਚਾਹੀਦਾ ਹੈ। ਹਰ ਵਿਦਿਆਰਥੀ ਨੂੰ ਵਾਦ-ਵਿਵਾਦ ਵਿੱਚ ਭਾਗ ਲੈਣ ਅਤੇ ਸੁਝਾਅ ਦੇਣ ਲਈ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਯੋਜਨਾ ਨੋਟ-ਪੁਸਤਕ ਵਿੱਚ ਨੋਟ ਕਰਨ।

(iv) **ਯੋਜਨਾ ਦੀ ਪੂਰਤੀ (Completion of Planning):** ਯੋਜਨਾ ਤਿਆਰ ਹੋਣ ਤੋਂ ਬਾਅਦ ਅਧਿਆਪਕ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਇਸ ਕਿਰਿਆਤਮਕ ਕਾਰਜ ਲਈ ਉਤਸਾਹਿਤ ਕਰੇ। ਵਿਅਕਤੀਗਤ ਵਖਰੇਵੇਂ ਨੂੰ ਧਿਆਨ 'ਚ ਰੱਖਦੇ ਹੋਏ ਵਿਦਿਆਰਥੀਆਂ ਨੂੰ ਰੁਚੀਆਂ ਅਤੇ ਸਮਰੱਥਾਵਾਂ ਅਨੁਸਾਰ ਕੰਮ ਦਿੱਤਾ ਜਾਣਾ ਚਾਹੀਦਾ ਹੈ। ਅਧਿਆਪਕ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਹਰ ਵਿਦਿਆਰਥੀ ਨੂੰ ਕੰਮ ਦਿੱਤਾ ਜਾਵੇ।

(v) **ਮੁਲਾਂਕਣ (Evaluation):** ਕੰਮ ਦਾ ਮੁਲਾਂਕਣ ਕਰਨਾ ਅਤਿ-ਮਹੱਤਵਪੂਰਨ ਹੈ। ਵਿਦਿਆਰਥੀਆਂ ਨੂੰ ਆਪਣੇ ਕੀਤੇ ਹੋਏ ਕੰਮ ਬਾਰੇ ਪਤਾ ਲੱਗਣਾ ਜ਼ਰੂਰੀ ਹੈ ਤਾਂ ਕਿ ਉਹ ਹੋਰ ਉਤਸ਼ਾਹਿਤ ਹੋ ਸਕਣ। ਇਹ ਸਵੈ-ਮੁਲਾਂਕਣ ਹੋ ਸਕਦਾ ਹੈ ਅਤੇ ਅਧਿਆਪਕ ਰਾਹੀਂ ਵੀ ਹੋ ਸਕਦਾ ਹੈ।

(vi) **ਰਿਕਾਰਡ ਰੱਖਣਾ (Maintaining record):** ਪ੍ਰੋਜੈਕਟ ਵਿਧੀ ਇੱਕ ਕਿਰਿਆਸ਼ੀਲ ਵਿਧੀ ਹੈ ਅਤੇ ਇਸ ਰਾਹੀਂ ਹਾਸਲ ਕੀਤਾ ਗਿਆਨ ਭੁੱਲਦਾ ਨਹੀਂ ਪਰ ਇਸ ਸੰਬੰਧੀ ਆਈਆਂ ਰੁਕਾਵਟਾਂ, ਦਿੱਤੇ ਸੁਝਾਅ, ਰੱਦ ਕੀਤੇ ਸੁਝਾਅ, ਸੌਂਪੇ ਕੰਮ, ਸਾਧਨ ਜਾਂ ਵਸੀਲੇ ਜਿਨ੍ਹਾਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਹੋਵੇ ਅਤੇ ਪ੍ਰੋਜੈਕਟ ਸੰਬੰਧੀ ਵੱਖ-ਵੱਖ ਵਿਅਕਤੀਆਂ ਦੁਆਰਾ ਕੀਤੀਆਂ ਟਿੱਪਣੀਆਂ ਨੂੰ ਲਿਖ ਕੇ ਰੱਖਣਾ ਚਾਹੀਦਾ ਹੈ।

### 1.2.3.3 ਪ੍ਰਾਜੈਕਟ ਵਿਧੀ ਦੇ ਲਾਭ

ਪ੍ਰੋਜੈਕਟ ਜੇਕਰ ਉਪਰੋਕਤ ਸਿਧਾਂਤਾਂ ਨੂੰ ਮੁੱਖ ਰੱਖਕੇ ਚੁਣਿਆ ਜਾਵੇ ਤਾਂ ਇਸਦੇ ਕਈ ਲਾਭ ਹੋ ਸਕਦੇ ਹਨ, ਜੋ ਇਸ ਤਰ੍ਹਾਂ ਹਨ :

1. **ਇਹ ਵਿਧੀ ਸਿੱਖਣ ਦੇ ਨਿਯਮਾਂ ਤੇ ਆਧਾਰਿਤ ਹੈ (It is based on Principles of learning):** ਇਹ ਵਿਧੀ ਸਿੱਖਣ ਦੇ ਸਿਧਾਂਤਾਂ ਤੇ ਆਧਾਰਿਤ ਹੈ। ਇਸ ਲਈ ਪ੍ਰੋਜੈਕਟ ਵਿਧੀ ਨੂੰ ਮਨੋਵਿਗਿਆਨਿਕ ਵਿਧੀ ਵੀ ਕਿਹਾ ਜਾ ਸਕਦਾ ਹੈ।

2. **ਇਹ ਵਿਧੀ ਸਮਾਜਿਕ ਸਿਖਲਾਈ ਦਿੰਦੀ ਹੈ (This method provides social training):** ਇਸ ਵਿਧੀ ਵਿੱਚ ਪਹਿਲਾਂ ਵਿਦਿਆਰਥੀ ਪ੍ਰੋਜੈਕਟ ਦੀ ਚੋਣ ਕਰਦੇ ਹਨ ਤੇ ਫਿਰ ਆਪਣਾ

ਯੋਗਦਾਨ ਪਾਉਂਦੇ ਹਨ, ਜਿਨ੍ਹਾਂ ਨੂੰ ਫਿਰ ਇਕੱਠਾ ਕਰਕੇ ਨਤੀਜੇ ਤੇ ਪਹੁੰਚਦੇ ਹਨ, ਇਹ ਉਹਨਾਂ ਦਾ ਸਾਂਝਾ ਯਤਨ ਹੁੰਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਮਿਲਜੁਲ ਕੇ ਕੰਮ ਕਰਨ ਦੀ ਸਿਖਲਾਈ ਮਿਲਦੀ ਹੈ।

3. **ਇਹ ਵਿਧੀ ਸਮਾਜਿਕ ਸਮਾਯੋਜਨ ਦੀ ਸਿਖਲਾਈ ਦਿੰਦਾ ਹੈ (This method provides training of social adjustment):** ਇਹ ਵਿਧੀ ਵਿਦਿਆਰਥੀਆਂ ਨੂੰ ਸਮਾਜ ਵਿੱਚ ਸਮਾਯੋਜਨ ਲਈ ਸਹਾਇਤਾ ਕਰਦੀ ਹੈ। ਇਹ ਵਿਧੀ ਵਿਦਿਆਰਥੀਆਂ ਨੂੰ ਆਪਣੇ ਚੌਗਿਰਦੇ ਨੂੰ ਲੋੜ ਅਨੁਸਾਰ ਢਾਲਣ, ਮਿਲਣ ਵਸੀਲਿਆਂ ਦਾ ਸਿਆਣਪ ਨਾਲ, ਪ੍ਰਯੋਗ ਕਰਨ ਲਈ ਅਤੇ ਨਵੀਂ ਸਥਿਤੀ ਵਿੱਚ ਵਿਚਰਨ ਤੇ ਯੋਗ ਬਣਾਉਂਦੀ ਹੈ।

4. **ਇਹ ਵਿਧੀ ਲੋਕਤੰਤਰਿਕ ਸਿਖਲਾਈ ਦਿੰਦੀ ਹੈ (This method provides democratic training):** ਇਹ ਵਿਧੀ ਵਿਦਿਆਰਥੀਆਂ ਨੂੰ ਸਾਂਝੇ ਮੰਤਵ ਲਈ ਮਿਲਕੇ ਸੋਚਣ ਅਤੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਜਿਸ ਨਾਲ ਉਹਨਾਂ ਵਿੱਚ ਮਿਲਵਰਤਣ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ।

5. **ਇਹ ਵਿਧੀ ਵਿਦਿਆਰਥੀਆਂ ਨੂੰ ਸੰਤੁਸ਼ਟੀ ਦਿੰਦੀ ਹੈ (This method provides satisfaction to students):** ਸਾਰੇ ਪ੍ਰੋਜੈਕਟ ਨੂੰ ਕਈ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਉਨ੍ਹਾਂ ਭਾਗਾਂ ਨੂੰ ਸਾਂਝੀ ਸਫਲਤਾ ਲਈ ਪੂਰਾ ਕਰਨ ਦੀ ਖੁਸ਼ੀ ਵਿਦਿਆਰਥੀਆਂ ਨੂੰ ਮਿਲਦੀ ਹੈ। ਇਸ ਵਿੱਚ ਵਿਦਿਆਰਥੀ ਨੇ ਨਿਸ਼ਚਿਤ ਸਮੇਂ ਵਿੱਚ ਕੰਮ ਪੂਰਾ ਕਰਨਾ ਹੁੰਦਾ ਹੈ ਅਤੇ ਹਰ ਹਾਲਤ ਕੰਮ ਕਰਨਾ ਹੁੰਦਾ ਹੈ। ਇਸ ਲਈ ਪ੍ਰੋਜੈਕਟ ਵਿਧੀ ਸਿੱਖਣ ਨੂੰ ਜ਼ਿਆਦਾ ਦਿਲਚਸਪ ਅਤੇ ਵੱਧ ਪ੍ਰਭਾਵਸ਼ਾਲੀ ਬਣਾਉਂਦੀ ਹੈ। ਬੱਚੇ ਆਪਣੇ ਕੀਤੇ ਕੰਮਾਂ ਨੂੰ ਵੇਖ ਕੇ ਖੁਸ਼ੀ ਪ੍ਰਾਪਤ ਕਰਦੇ ਹਨ ਅਤੇ ਮਾਣ ਮਹਿਸੂਸ ਕਰਦੇ ਹਨ। ਜਿਹੜਾ ਉਹਨਾਂ ਨੂੰ ਜ਼ਿੰਦਗੀ ਵਿੱਚ ਅਗਾਂਹ ਸਿਰਜਾਤਮਿਕ ਕੰਮ ਕਰਨ ਲਈ ਪ੍ਰੇਰਨਾ ਦੇਵੇਗਾ।

6. **ਹੱਥੀ-ਕਿਰਤ ਪ੍ਰਤੀ ਸਤਿਕਾਰ (Dignity of labour):** ਇਹ ਵਿਧੀ ਵਿਦਿਆਰਥੀਆਂ ਨੂੰ ਹੱਥੀਂ ਕਿਰਤ ਕਰਨ ਲਈ ਉਤਸਾਹਿਤ ਹੀ ਨਹੀਂ ਕਰਦੀ ਸਗੋਂ ਉਹਨਾਂ ਦੇ ਮਨ ਵਿੱਚ ਹੱਥੀਂ ਕਿਰਤ ਪ੍ਰਤੀ ਸਤਿਕਾਰ ਵੀ ਪੈਦਾ ਕਰਦੀ ਹੈ।

7. **ਇਹ ਵਿਧੀ ਰੱਟੇਬਾਜ਼ੀ ਉਤਸ਼ਾਹਿਤ ਨਹੀਂ ਕਰਦੀ (This method does not encourage cramming):** ਇਹ ਵਿਧੀ ਇੱਕ ਕਿਰਿਆਤਮਕ ਵਿਧੀ ਹੈ। ਇਸ ਲਈ ਇਸ ਵਿੱਚ ਰੱਟੇਬਾਜ਼ੀ ਦੀ ਕੋਈ ਸੰਭਾਵਨਾ ਨਹੀਂ ਹੈ। ਸਗੋਂ ਜਿਹੜੇ ਵਿਦਿਆਰਥੀ ਰੱਟਾ ਨਹੀਂ ਲਾ ਸਕਦੇ, ਉਹਨਾਂ ਲਈ ਲਾਹੇਵੰਦ ਹੈ।

8. **ਇਹ ਵਿਧੀ ਸਵੈ-ਅਨੁਸਾਸ਼ਨ ਦਾ ਵਿਕਾਸ ਕਰਦੀ ਹੈ (This method develops self-discipline):** ਇਸ ਵਿਧੀ ਵਿੱਚ ਵਿਦਿਆਰਥੀ ਆਪ ਪ੍ਰੋਜੈਕਟ ਦੀ ਚੋਣ ਕਰਦੇ ਹਨ ਅਤੇ ਪ੍ਰੋਜੈਕਟ ਦੀ ਸਫਲਤਾ ਲਈ ਆਪਣੇ ਆਪ ਤੇ ਅਨੁਸਾਸ਼ਨ ਲਾਗੂ ਕਰਦੇ ਹਨ।

**ਛੋਟੇ ਉਤਰ ਵਾਲੇ ਪ੍ਰਸ਼ਨ**

1. ਪ੍ਰੋਜੈਕਟ ਵਿਧੀ ਨੂੰ ਪ੍ਰਭਾਸ਼ਿਤ ਕਰੋ।

..........................................................................................................

..........................................................................................................

2. ਪ੍ਰੋਜੈਕਟ ਵਿਧੀ ਦੇ ਮੁੱਢਲੇ ਸਿਧਾਂਤਾ ਦਾ ਸੰਖੇਪ ਵਰਨਣ ਕਰੋ।

..........................................................................................................

..........................................................................................................

3. ਪ੍ਰੋਜੈਕਟ ਵਿਧੀ ਦੇ ਕੀ ਲਾਭ ਹਨ।

..................................................................................................................

..................................................................................................................

**1.2.3.4 ਪ੍ਰੋਜੈਕਟ ਵਿਧੀ ਦੀਆਂ ਹਾਨੀਆਂ:**-ਭਾਵੇਂ ਪ੍ਰੋਜੈਕਟ ਵਿਧੀ ਮਨੋਵਿਗਿਆਨੀ ਵਿਧੀ ਹੈ ਪਰ ਫਿਰ ਵੀ ਇਸ ਵਿੱਚ ਕੁਝ ਊਣਤਾਈਆਂ (Limitations) ਹਨ ਜੋ ਇਸ ਤਰ੍ਹਾਂ ਹਨ :

1. ਇੱਕ ਕਲਾਸ ਦੇ ਸਾਰੇ ਉਪ ਵਿਸ਼ੇ ਇਸ ਰਾਹੀਂ ਨਹੀਂ ਪੜ੍ਹਾਏ ਜਾ ਸਕਦੇ।
2. ਪ੍ਰੋਜੈਕਟ ਚੁਣਨ, ਯੋਜਨਾ ਤਿਆਰ ਕਰਨਾ, ਯੋਜਨਾ ਨੂੰ ਲਾਗੂ ਕਰਨ ਅਤੇ ਮੁਲਾਂਕਣ ਕਰਨ ਤੇ ਕਾਫੀ ਸਮਾਂ ਲੱਗਦਾ ਹੈ।
3. ਇਹ ਵਿਧੀ ਖਰਚੀਲੀ ਹੈ, ਇਸ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਬਹੁਤ ਕੀਮਤੀ ਹੁੰਦੀ ਹੈ। ਸਾਰੇ ਵਿਦਿਆਰਥੀ ਇਸ ਨੂੰ ਖਰੀਦ ਨਹੀਂ ਸਕਦੇ। ਕੁਝ ਸਮਾਨ ਅਜ਼ਾਈ ਵੀ ਹੋ ਸਕਦਾ ਹੈ।
4. ਇਹ ਵਿਧੀ ਨਾ ਤਾਂ ਸਾਰੇ ਅਧਿਆਪਕਾਂ ਅਤੇ ਨਾ ਹੀ ਸਾਰੇ ਵਿਦਿਆਰਥੀਆਂ ਲਈ ਪ੍ਰਭਾਵਸ਼ਾਲੀ ਹੁੰਦੀ ਹੈ, ਕਿਉਂਕਿ ਨਾ ਤਾਂ ਸਾਰੇ ਅਧਿਆਪਕ ਹੀ ਇਸ ਵਿੱਚ ਨਿਪੁੰਨ ਹੋ ਸਕਦੇ ਹਨ ਅਤੇ ਨਾ ਹੀ ਵਿਦਿਆਰਥੀ।

**1.2.3.5 ਕੁਛ ਢੁਕਵੇ ਪ੍ਰੋਜੈਕਟ**

1. ਸਕੂਲ ਬੈਂਕ ਚਲਾਉਣਾ
2. ਇਕ ਸਹਿਕਾਰੀ ਸਟੋਰ ਚਲਾਉਣਾ
3. ਮਿਉਸਪਲ, ਸੂਬਾਈ ਅਤੇ ਰਾਸ਼ਟਰੀ ਬਜਟਾਂ ਬਾਰੇ ਡਾਟਾ ਇਕੱਠਾ ਕਰਨਾ
4. ਅਜ ਦੀ ਜਿੰਦਗੀ ਵਿਚ ਗਣਿਤ, ਵਿਗਿਆਨ, ਸਮਾਜਿਕ ਵਿਗਿਆਨ ਅਤੇ ਭਾਸ਼ਾਵਾ ਦੀ ਵਰਤੋ।
5. ਕਸਵੇ ਦੀ ਮਾਡਲ
6. ਇਕ ਰਾਜ ਦਾ ਮਾਡਲ
7 ਪਿਕਨਿਕ ਦਾ ਆਯੋਜਨ ਅਤੇ ਇਸ ਦਾ ਖਰਚਾ ਆਦਿ

**1.2.4 ਸਾਰ (Summary) :**

ਸਾਰੇ ਵਿਸ਼ੇ ਇੱਕੋ ਢੰਗ ਨਾਲ ਨਹੀਂ ਪੜ੍ਹਾਏ ਜਾ ਸਕਦੇ। ਇੱਕ ਵਿਸ਼ਾ ਕਿਸੇ ਇੱਕ ਢੰਗ ਨਾਲ ਚੰਗਾ ਪੜ੍ਹਾਇਆ ਜਾ ਸਕਦਾ ਹੈ, ਜਦੋਂ ਕਿ ਕੋਈ ਦੂਜਾ ਕਿਸੇ ਹੋਰ ਢੰਗ ਨਾਲ ਪੜ੍ਹਾਉਣ ਲਈ ਵਰਤੇ ਜਾਣ ਵਾਲੇ ਢੰਗਾਂ ਵਿੱਚੋਂ ਮਹੱਤਵਪੂਰਨ ਢੰਗ ਪ੍ਰੋਜੈਕਟ ਢੰਗ ਹੈ। ਅਸਲ ਵਿੱਚ ਜਮਾਤ ਦੇ ਅਧਿਆਪਕ ਦਾ ਕੰਮ ਹੈ ਕਿ ਉਹ ਵਿਸ਼ੇ ਦੀ ਲੋੜ ਦੇ ਅਨੁਸਾਰ, ਜਮਾਤ ਦੀਆਂ ਲੋੜਾਂ ਅਨੁਸਾਰ ਅਤੇ ਲੋੜ ਪੈਣ ਤੇ ਸਹੀ ਰੂਪ ਵਿੱਚ ਸਿੱਖਿਆ ਦੇਣ ਲਈ ਪ੍ਰੋਜੈਕਟ ਵਿਧੀ ਰਾਹੀਂ ਜਮਾਤ ਦੀਆਂ ਲੋੜਾਂ ਪੂਰੀਆਂ ਕਰੇ।

**1.2.5 ਸੁਝਾਏ ਪ੍ਰਸ਼ਨ (Suggested Questions)**

1. ਪ੍ਰੋਜੈਕਟ ਵਿਧੀ ਤੋਂ ਤੁਹਾਡਾ ਕੀ ਭਾਵ ਹੈ? ਇਸ ਵਿਧੀ ਦੀਆਂ ਕੀ ਖਾਮੀਆਂ ਹਨ?
2. ਪ੍ਰੋਜੈਕਟ ਵਿਧੀ ਦੇ ਸਿਧਾਂਤ ਕੀ ਹਨ?

3. ਪ੍ਰੋਜੈਕਟ ਵਿਧੀ ਦੇ ਕਿਰਿਆਤਮਕ ਸਰੂਪ ਤੋਂ ਕੀ ਭਾਵ ਹੈ?

4. ਪ੍ਰੋਜੈਕਟ ਵਿਧੀ ਦੇ ਲਾਭ ਕੀ ਹਨ?

**1.2.6 ਸੁਝਾਈਆਂ ਪੁਸਤਕਾਂ (Suggested Books) :**


1. ਸੰਧੂ, ਪੀ. ਕੇ. : ਸਮਾਜਿਕ ਅਧਿਐਨ ਦਾ ਅਧਿਆਪਨ
2. ਸਿੱਧੂ, ਐਚ. ਕੇ. : ਸਮਾਜਿਕ ਅਧਿਐਨ-ਸਿਖਸ਼ਣ
3. ਕੋਛੜ, ਐਸ. ਕੇ. : ਸਮਾਜਿਕ ਅਧਿਐਨ ਦਾ ਅਧਿਆਪਨ
4. ਮਨਜੀਤ ਕੌਰ : ਟੀਚਿੰਗ ਆਫ਼ ਸ਼ੋਸਲ ਸਟੱਡੀ (ਅੰਗਰੇਜ਼ੀ)
   ਗੁਰਮੀਤ ਸਿੰਘ (2005)

**ਪਾਠ ਨੰ. 1.3**

## ਨਿਰਧਾਰਣ ਦੇ ਸੰਦ-ਸੌਂਪਣੀਆਂ ਅਤੇ ਮੌਖਿਕ ਪ੍ਰੀਖਿਆਵਾਂ

1.3.1 ਭੂਮਿਕਾ

1.3.2. ਉਦੇਸ਼

1.3.3. ਸੌਂਪਣੀਆਂ/ਘਰ ਦਾ ਕੰਮ

- 1.3.3.1 ਸੌਂਪਣੀਆਂ ਦਾ ਉਦੇਸ਼
- 1.3.3.2 ਸੌਂਪਣੀਆਂ ਦੀਆਂ ਕਿਸਮਾਂ
- 1.3.3.3 ਸੌਂਪਣੀਆਂ ਦੇ ਲਾਭ
- 1.3.3.4 ਪ੍ਰਭਾਵਸ਼ਾਲੀ ਵਰਤੋਂ ਲਈ ਸੁਝਾਅ

1.3.4 ਮੌਖਿਕ ਪ੍ਰੀਖਿਆਵਾਂ

- 1.3.4.1 ਮੌਖਿਕ ਪ੍ਰੀਖਿਆਵਾਂ ਦੇ ਲਾਭ
- 1.3.4.2 ਮੌਖਿਕ ਪ੍ਰੀਖਿਆਵਾਂ ਦੀਆਂ ਹਾਨੀਆਂ
- 1.3.4.3 ਮੌਖਿਕ ਪ੍ਰੀਖਿਆਵਾਂ ਦੀਆਂ ਕਿਸਮਾਂ

1.3.5 ਸੁਝਾਈਆਂ ਪੁਸਤਕਾਂ

1.3.6 ਸੁਝਾਏ ਪ੍ਰਸ਼ਨ

### 1.3.1 ਭੂਮਿਕਾ

ਅਧਿਆਪਣ ਸਿੱਖਣ ਪ੍ਰਕ੍ਰਿਆ ਵਿੱਚ ਮੁਲਾਂਕਣ ਇੱਕ ਅਜਿਹੇ ਸੂਤਰ ਦਾ ਕੰਮ ਕਰਦਾ ਹੈ ਜੋ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਦੇ ਵਿਕਾਸ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਸਮੇਂ-ਸਮੇਂ ਤੇ ਮੁਲਾਂਕਣ ਲਈ ਵੱਖ-ਵੱਖ ਪ੍ਰਣਾਲੀਆਂ ਦੀ ਵਰਤੋਂ ਹੁੰਦੀ ਆ ਰਹੀਂ ਹੈ ਜਿਨ੍ਹਾਂ ਵਿਚੋਂ ਮੌਖਿਕ ਪ੍ਰੀਖਿਆਵਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਮੌਖਿਕ ਪ੍ਰੀਖਿਆਵਾਂ ਦੀ ਵਰਤੋਂ ਸਿੱਖਿਆਂ ਦੇ ਵੱਖ-ਵੱਖ ਪੱਧਰਾਂ ਉੱਪਰ ਵੱਖ-ਵੱਖ ਉਦੇਸ਼ਾ ਨਾਲ ਕੀਤੀ ਜਾਂਦੀ ਹੈ। ਸੌਂਪਣੀਆਂ ਵੀ ਪੜਾਏ ਹੋਏ ਪਾਠ ਨੂੰ ਮਜ਼ਬੂਤੀ ਨਾਲ ਧਾਰਨ ਵਿੱਚ ਅਤੇ ਯਾਦ ਰਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

### 1.3.2 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ -

1. ਸੌਂਪਣੀਆਂ ਦੇ ਸੰਕਲਪ ਤੋਂ ਜਾਣੂ ਹੋਣਗੇ।
2. ਸੌਂਪਣੀਆਂ ਦੀਆਂ ਕਿਸਮਾਂ ਬਾਰੇ ਦੱਸ ਸਕਣਗੇ।
3. ਸੌਂਪਣੀਆਂ ਦੇ ਲਾਭ ਵਾਰੇ ਜਾਗਰੂਕ ਹੋਣਗੇ।
4. ਜਮਾਤ ਵਿਚ ਸੌਂਪਣੀਆਂ ਦੀ ਸਹੀ ਵਰਤੋਂ ਕਰਨ ਦੇ ਯੋਗ ਹੋਣਗੇ।
5. ਜਬਾਨੀ ਟੈਸਟਾਂ/ਮੌਖਿਕ ਪ੍ਰੀਖਿਆਵਾਂ ਦੇ ਮਹੱਤਵ ਤੋਂ ਜਾਣੂ ਹੋਣਗੇ।

### 1.3.3 ਸੌਂਪਣੀਆਂ/ਘਰ ਦਾ ਕੰਮ

ਸੌਂਪਣੀਆਂ/ਘਰ ਦਾ ਕੰਮ ਤੋਂ ਭਾਵ ਬੱਚਿਆਂ ਨੂੰ ਘਰ ਤੋਂ ਕਰਨ ਲਈ ਦਿੱਤਾ ਉਹ ਕੰਮ ਹੈ ਜਿਹੜਾ ਉਹਨਾਂ ਨੂੰ ਪੜ੍ਹਾਏ ਗਏ ਪਾਠ ਜਾਂ ਪ੍ਰਾਪਤ ਕੀਤੇ ਅਨੁਭਵਾਂ ਨੂੰ ਮਜਬੂਤੀ ਨਾਲ ਧਾਰਨ ਕਰਨ ਵਿਚ ਸਹਾਇਤਾ ਕਰਦਾ ਹੈ। ਇਹ ਵਿਦਿਆਰਥੀਆਂ ਨੂੰ ਪਾਠ-ਕਿਰਿਆਵਾਂ ਵਿਚ ਮੁਹਾਰਤ, ਨਿਰਦੇਸ਼ਨ ਅਤੇ ਅਗਵਾਈ ਪ੍ਰਦਾਨ ਕਰਦਾ ਹੈ। ਸੌਂਪਣੀਆਂ/ਘਰ ਦਾ ਕੰਮ ਕੋਈ ਅੱਜ ਦੀ ਜੁਗਤ ਨਹੀਂ ਹੈ, ਸਗੋਂ ਇਹ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਜੁਗਤ ਹੈ। ਹਰੇਕ ਪੱਧਰ ਦੇ ਵਿਦਿਆਰਥੀਆਂ ਨੂੰ ਸਕੂਲ ਵਿਚ ਪੜ੍ਹਾਏ ਪਾਠ ਨੂੰ ਘਰ ਤੋਂ ਲਿਖਣ, ਪੜ੍ਹਨ ਜਾਂ ਯਾਦ ਕਰਨ ਲਈ ਦਿੱਤਾ ਜਾਂਦਾ ਹੈ। ਪ੍ਰੋਫੈਸਰ ਜੀ.ਏ. ਯੋਕਮ ਅਨੁਸਾਰ, "ਸੌਂਪਣੀ/ਘਰ ਦਾ ਕੰਮ ਅਧਿਆਪਨ ਕਿਰਿਆ ਵਿਚ ਉਹ ਸਮਾਂ ਹੈ ਜਦੋਂ ਅਧਿਆਪਕ ਵਿਦਿਆਰਥੀਆਂ ਦੀਆਂ ਕਿਰਿਆਵਾਂ ਦੇ ਵਿਸ਼ੇ ਵਿਚ ਚਿੰਤਨ ਕਰਦਾ ਹੈ ਅਤੇ ਕਿਰਿਆਵਾਂ ਦੀ ਯੋਜਨਾ ਅਧਿਐਨ ਦੀ ਤਿਆਰੀ ਲਈ ਖਾਕਾ ਬਣਾਉਂਦਾ ਹੈ।

1.3.3.1 **ਸੌਂਪਣੀਆਂ/ਘਰ ਦਾ ਕੰਮ ਦੇ ਉਦੇਸ਼**: ਇਸ ਦੇ ਉਦੇਸ਼ ਹੇਠ ਲਿਖੇ ਹਨ:

1. **ਸੂਝ ਨੂੰ ਵਿਕਸਿਤ ਕਰਨਾ**: ਬੱਚਿਆਂ ਅੰਦਰ ਸੂਝ ਅਤੇ ਚਿੰਤਨ ਪੈਦਾ ਕਰਨਾ ਸਿੱਖਿਆ ਦਾ ਉਦੇਸ਼ ਹੈ ਜਿਸ ਨੂੰ ਸੌਂਪਣੀਆਂ ਰਾਹੀਂ ਅਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।
2. **ਪ੍ਰੇਰਣਾ ਪ੍ਰਦਾਨ ਕਰਨਾ**: ਸੌਂਪਣੀਆਂ ਵਿਦਿਆਰਥੀਆਂ ਦੀ ਰੁਚੀ ਅਤੇ ਉਹਨਾਂ ਦੇ ਧਿਆਨ ਨੂੰ ਉਤੇਜਨਾ/ਪ੍ਰੇਰਣਾ ਪ੍ਰਦਾਨ ਕਰਦੀ ਹੈ।

3. **ਸਵੈ–ਅਧਿਐਨ ਦੀ ਆਦਤਾਂ ਦਾ ਵਿਕਾਸ** : ਸਿੱਖਿਆ ਦੀ ਸੰਪੂਰਨਤਾ ਲਈ ਜਰੂਰੀ ਹੈ ਕਿ ਬੱਚਿਆਂ ਅੰਦਰ ਸਵੈ-ਅਧਿਐਨ ਦੀ ਆਦਤ ਦਾ ਵਿਕਾਸ ਕੀਤਾ ਜਾਵੇ। ਉਹ ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਨੂੰ ਘਰ ਪੜ੍ਹਨ ਲਈ ਲੈ ਕੇ ਜਾਣ ਅਤੇ ਆਪ ਪੜ੍ਹ ਕੇ ਉਹਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ।

4. **ਅਗਵਾਈ ਪ੍ਰਦਾਨ ਕਰਨਾ** : ਸੌਂਪਣੀ ਉਚਿਤ ਢੰਗ ਨਾਲ ਸੰਗਠਿਤ ਕੀਤੇ ਗਏ ਘਰ ਦੇ ਕੰਮ ਰਾਹੀਂ ਮਾਰਗਦਰਸ਼ਨ ਕਰਨ ਦੇ ਉਦੇਸ਼ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਰਾਹੀਂ ਵਿਦਿਆਰਥੀ ਅਤੇ ਅਧਿਆਪਕ ਸਿੱਖਿਆ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿਚ ਸਫਲ ਹੁੰਦੇ ਹਨ।

5. **ਆਤਮ–ਵਿਸ਼ਵਾਸ ਪੈਦਾ ਕਰਨਾ** : ਬਿਨਾਂ ਆਤਮ-ਵਿਸ਼ਵਾਸ ਤੋਂ ਕੋਈ ਵੀ ਕੰਮ ਪੂਰਨ ਨਹੀਂ ਹੁੰਦਾ। ਇਹ ਜੁਗਤ ਆਤਮ-ਵਿਸ਼ਵਾਸ ਦੀ ਮਹੱਤਤਾ ਨੂੰ ਸਮਝਦੇ ਹੋਏ ਬੱਚਿਆਂ ਵਿਚ ਇਸ ਆਦਤ ਦਾ ਵਿਕਾਸ ਕਰਨਾ ਆਪਣਾ ਪ੍ਰਮੁੱਖ ਉਦੇਸ਼ ਮੰਨਦੀ ਹੈ।

6. **ਜਮਾਤ–ਅਧਿਆਪਨ ਨੂੰ ਮਜਬੂਤੀ ਪ੍ਰਦਾਨ ਕਰਨਾ**: ਇਹ ਵਿਧੀ ਅਧਿਆਪਕ ਦੁਆਰਾ ਜਮਾਤ ਵਿਚ ਪੜ੍ਹਾਏ ਗਏ ਪਾਠ ਨੂੰ ਚਿਰ-ਸਥਾਈ ਬਣਾਉਣ ਲਈ ਮਜਬੂਤੀ ਪ੍ਰਦਾਨ ਕਰਦੀ ਹੈ।

**1.3.3.2 ਸੌਂਪਣੀਆਂ ਦੀਆਂ ਕਿਸਮਾਂ** : ਸੌਂਪਣੀਆਂ ਨੂੰ ਹੇਠ ਲਿਖੀਆਂ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ:

1. **ਇਕਾਈ ਸੌਂਪਣੀਆਂ** : ਸੌਂਪਣੀ ਦੀ ਇਸ ਕਿਸਮ ਵਿਚ ਵਿਦਿਆਰਥੀਆਂ ਨੂੰ ਅਸਲ ਜੀਵਨ ਦੀ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਕਿਰਿਆਵਾਂ ਵਿਚ ਲਗਾਇਆ ਜਾਂਦਾ ਹੈ।

2. **ਸਮੱਸਿਆ ਆਧਾਰਿਤ ਸੌਂਪਣੀਆਂ** : ਇਸ ਕਿਸਮ ਦੀ ਸੌਂਪਣੀ ਵਿਚ ਬੱਚਿਆਂ ਨੂੰ ਪੜ੍ਹਾਏ ਗਏ ਪਾਠ ’ਤੇ ਆਧਾਰਿਤ ਉਹਨਾਂ ਦੀ ਪਾਠ-ਪੁਸਤਕ ਜਾਂ ਅਸਲ ਜ਼ਿੰਦਗੀ ਨਾਲ ਸੰਬੰਧਿਤ ਕਿਸੇ ਸਮੱਸਿਆ ਨੂੰ ਹੱਲ ਕਰਨ ਲਈ ਕਿਹਾ ਜਾਂਦਾ ਹੈ।

3. **ਅਭਿਆਸ ਆਧਾਰਿਤ ਸੌਂਪਣੀਆਂ** : ਇਹ ਅਜਿਹੀ ਸੌਂਪਣੀ ਹੁੰਦੀ ਹੈ ਜਿਸ ਵਿਚ ਬੱਚਿਆਂ ਨੂੰ ਉਹਨਾਂ ਦੇ ਪਹਿਲਾਂ ਪ੍ਰਾਪਤ ਕੀਤੇ ਗਿਆਨ ਦਾ ਅਭਿਆਸ ਕਰਵਾਇਆ ਜਾਂਦਾ ਹੈ। ਅਜਿਹੀ ਸੌਂਪਣੀ ਵਿਚ ਬੱਚਿਆਂ ਨੂੰ ਅਜਿਹੇ ਪ੍ਰਸ਼ਨ ਦਿੱਤੇ ਜਾਂਦੇ ਹਨ ਜਿੰਨ੍ਹਾਂ ਦਾ ਉੱਤਰ ਉਹ ਘਰ ਤੋਂ ਲੱਭ ਕੇ ਲਿਆਉਂਦਾ ਹੈ।

4. **ਹੁਨਰਾਂ ਸੰਬੰਧੀ ਸੌਂਪਣੀਆਂ**: ਇਸ ਪ੍ਰਕਾਰ ਦੀ ਸੌਂਪਣੀ ਵਿਚ ਬੱਚਿਆਂ ਨੂੰ ਪੜ੍ਹਾਈ ਗਈ ਸਮੱਗਰੀ ’ਤੇ ਆਧਾਰਿਤ ਕੁਝ ਹੋਰ ਪ੍ਰਸ਼ਨ ਦਿੱਤੇ ਜਾਂਦੇ ਹਨ ਜਿੰਨ੍ਹਾਂ ਦਾ ਉੱਤਰ ਲੱਭਣ ਲਈ ਉਹਨਾਂ ਨੂੰ ਖੁਦ ਮਿਹਨਤ ਕਰਨੀ ਪੈਂਦੀ ਹੈ। ਇਸ ਤਰ੍ਹਾਂ ਦੀ ਸੌਂਪਣੀ ਉਹਨਾਂ ਅੰਦਰ ਹੁਨਰਾਂ ਦਾ ਵਿਕਾਸ ਕਰਦੀ ਹੈ।

5. **ਸੂਚਨਾਤਮਕ ਸੌਂਪਣੀਆਂ** : ਇਸ ਕਿਸਮ ਦੀ ਸੌਂਪਣੀ ਵਿਚ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸੂਚਨਾਵਾਂ, ਜੋ ਕਿ ਪੜ੍ਹਾਏ ਗਏ ਪਾਠ 'ਤੇ ਆਧਾਰਿਤ ਹੋਣ, ਇਕੱਠੀਆਂ ਕਰਨ ਲਈ ਕਿਹਾ ਜਾ ਸਕਦਾ ਹੈ।

6. **ਯਾਦ ਸੰਬੰਧੀ ਸੌਂਪਣੀਆਂ** :ਇਸ ਪ੍ਰਕਾਰ ਦੀ ਸੌਂਪਣੀ ਵਿਚ ਬੱਚੇ ਨੂੰ ਪੜ੍ਹੇ ਹੋਏ ਪਾਠ ਨੂੰ ਮੌਖਿਕ ਰੂਪ ਵਿਚ ਯਾਦ ਕਰਨ ਲਈ ਕਿਹਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਬੱਚਿਆਂ ਨੂੰ ਮੌਲਿਕ ਅਧਿਕਾਰ ਯਾਦ ਕਰਨ ਲਈ ਕਿਹਾ ਜਾ ਸਕਦਾ ਹੈ।

7. **ਖੋਜ ਸੌਂਪਣੀ** : ਇਸ ਕਿਸਮ ਦੀ ਸੌਂਪਣੀ ਵਿਚ ਬੱਚਿਆਂ ਨੂੰ ਉਹਨਾਂ ਦੀ ਸਮਰੱਥਾ, ਰੁਚੀ ਅਤੇ ਮਾਨਸਿਕ ਪੱਧਰ ਦੇ ਅਨੁਸਾਰ ਉਹਨਾਂ ਨੂੰ ਖੋਜ ਕਰਨ ਲਈ ਕੋਈ ਪ੍ਰਕਰਣ ਦਿੱਤਾ ਜਾਂਦਾ ਹੈ।

8. **ਸਧਾਰਨ ਸੌਂਪਣੀਆਂ** : ਇਹ ਅਜਿਹੀ ਸੌਂਪਣੀ ਹੁੰਦੀ ਹੈ ਜਿਸ ਨੂੰ ਜਮਾਤ ਦਾ ਹਰੇਕ ਬੱਚਾ ਕਰ ਸਕਦਾ ਹੈ।

9. **ਵਿਸ਼ਿਸ਼ਟ ਸੌਂਪਣੀਆਂ**: ਅਜਿਹੀ ਸੌਂਪਣੀ ਜਿਹੜੀ ਬੱਚਿਆਂ ਦੀ ਵਿਅਕਤੀਗਤ ਭਿੰਨਤਾਵਾਂ ਨੂੰ ਧਿਆਨ ਵਿਚ ਰੱਖ ਕੇ ਦਿੱਤੀ ਜਾਂਦੀ ਹੈ ਵਿਸ਼ਿਸ਼ਟ ਸੌਂਪਣੀ ਅਖਵਾਉਂਦੀ ਹੈ। ਇਹ ਸੌਂਪਣੀਆਂ ਬੱਚਿਆਂ ਦੀਆਂ ਖਾਮੀਆਂ ਨੂੰ ਦੂਰ ਕਰਨ ਦੇ ਮੰਤਵ ਲਈ ਦਿੱਤੀਆਂ ਜਾਂਦੀਆਂ ਹਨ।

10. **ਮੁਲਾਂਕਣ ਸੰਬੰਧੀ ਸੌਂਪਣੀਆਂ**: ਇਸ ਤਰ੍ਹਾਂ ਦੀ ਸੌਂਪਣੀ ਅਧਿਆਪਕ ਪੜ੍ਹਾਏ ਗਏ ਪਾਠ ਦੀ ਸਾਰਥਕਤਾ ਅਤੇ ਸਫਲਤਾ ਨੂੰ ਜਾਨਣ ਲਈ ਦਿੰਦਾ ਹੈ।

**1.3.3.3 ਸੌਂਪਣੀਆਂ ਦੇ ਲਾਭ** : ਸੌਂਪਣੀਆਂ ਦੇ ਲਾਭ ਹੇਠ ਲਿਖੇ ਹਨ:

1. **ਪ੍ਰੇਰਣਾਦਾਇਕ** : ਇਹ ਬੱਚਿਆਂ ਦੇ ਧਿਆਨ ਨੂੰ ਖਿੱਚ ਕੇ ਉਹਨਾਂ ਦੀ ਰੁਚੀ ਅਤੇ ਧਿਆਨ ਨੂੰ ਪ੍ਰੇਰਣਾ ਦਿੰਦੀ ਹੈ। ਇਹ ਪ੍ਰੇਰਣਾਤਮਕ ਦੇ ਨਾਲ-ਨਾਲ ਉਤੇਜਨਾਤਮਕ ਅਤੇ ਸਹਿਯੋਗਾਤਮਕ ਹੁੰਦੀ ਹੈ।

2. **ਸਮੇਂ ਅਤੇ ਸ਼ਕਤੀ ਦੀ ਬੱਚਤ** : ਇਸ ਰਾਹੀਂ ਦਿੱਤੇ ਪਾਠ ਨੂੰ ਮੁੜ ਜਮਾਤ ਵਿਚ ਪੜ੍ਹਾਉਣ ਦੀ ਲੋੜ ਨਹੀਂ ਪੈਂਦੀ। ਇਸ ਨਾਲ ਅਧਿਆਪਕ ਅਤੇ ਵਿਦਿਆਰਥੀਆਂ ਦੇ ਸਮੇਂ ਅਤੇ ਸ਼ਕਤੀ ਦੀ ਬੱਚਤ ਹੁੰਦੀ ਹੈ।

3. **ਰੋਚਕ**: ਇਹ ਸਿੱਖਣ-ਸਿਖਾਉਣ ਦੀ ਇਕ ਰੋਚਕ ਪ੍ਰਕਿਰਿਆ ਹੈ। ਇਸ ਰਾਹੀਂ ਬੱਚੇ ਬਹੁਤ ਕੁਝ ਸਿੱਖ ਜਾਂਦੇ ਹਨ।

4. **ਵਿਅਕਤੀਗਤ ਭਿੰਨਤਾਵਾਂ ਅਨੁਸਾਰ** : ਇਸ ਵਿਚ ਵਿਅਕਤੀ ਭਿੰਨਤਾਵਾਂ ਦਾ ਧਿਆਨ ਰੱਖਿਆ ਜਾਂਦਾ ਹੈ, ਭਾਵ ਇਸ ਰਾਹੀਂ ਬੱਚਿਆਂ ਨੂੰ ਉਹਨਾਂ ਦੀ ਸਮਰੱਥਾ ਅਤੇ ਯੋਗਤਾ ਦੇ ਆਧਾਰ 'ਤੇ ਕੰਮ ਦਿੱਤਾ ਜਾਂਦਾ ਹੈ।

5. **ਜਮਾਤ ਅਧਿਆਪਨ ਦੀ ਪੂਰਕ** : ਅਧਿਆਪਕ ਦੇ ਪ੍ਰਭਾਵਸ਼ਾਲੀ ਅਧਿਆਪਨ ਤੋਂ ਬਾਅਦ ਵੀ ਜੇਕਰ ਕੁਝ ਬਿੰਦੂਆਂ ਦੀ ਸਪੱਸ਼ਟਤਾ ਨਾ ਹੋਵੇ ਤਾਂ ਇਹ ਵਿਦਿਆਰਥੀਆਂ ਨੂੰ ਘਰ ਜਾ ਕੇ ਮੁੜ ਪੜ੍ਹਨ ਲਈ ਪ੍ਰੇਰਦੀ ਹੈ। ਇਸ ਤਰ੍ਹਾਂ ਇਹ ਜਮਾਤ ਅਧਿਆਪਨ ਦੀ ਪੂਰਕ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

6. **ਮੁਲਾਂਕਣ ਲਈ ਸਹਾਇਕ**: ਇਹ ਜੁਗਤ ਬੱਚਿਆਂ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਅਧਿਆਪਕ ਦੇ ਅਧਿਆਪਨ ਦਾ ਵੀ ਮੁਲਾਂਕਣ ਕਰਦੀ ਹੈ।

7. **ਵਿਹਲੇ ਸਮੇਂ ਦੀ ਯੋਗ ਵਰਤੋਂ** : ਸੌਂਪਣੀ ਵਿਦਿਆਰਥੀਆਂ ਨੂੰ ਵਿਹਲੇ ਸਮੇਂ ਦੀ ਯੋਗ ਵਰਤੋਂ ਕਰਨ ਦੀ ਯੋਗਤਾ ਪ੍ਰਦਾਨ ਕਰਦੀ ਹੈ।

8. **ਸਕੂਲੀ ਕੰਮ ਦੀ ਦੁਹਰਾਈ** : ਇਸ ਰਾਹੀਂ ਸਕੂਲ ਵਿਚ ਕਰਵਾਏ ਗਏ ਕੰਮ ਨੂੰ ਘਰ ਵਿਚ ਮੁੜ-ਦੁਹਰਾਉਣ ਦਾ ਮੌਕਾ ਮਿਲਦਾ ਹੈ ਅਤੇ ਗਿਆਨ ਚਿਰ-ਸਥਾਈ ਬਣਦਾ ਹੈ।

**1.3.3.4 ਪ੍ਰਭਾਵਸ਼ਾਲੀ ਵਰਤੋਂ ਲਈ ਸੁਝਾਅ:** ਇਸ ਜੁਗਤ ਦੀ ਪ੍ਰਭਾਵਸ਼ਾਲੀ ਵਰਤੋਂ ਲਈ ਹੇਠ ਲਿਖੀਆਂ ਗੱਲਾਂ/ਸੁਝਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

1. **ਪੂਰਵ-ਗਿਆਨ 'ਤੇ ਆਧਾਰਿਤ**: ਸੌਂਪਣੀਆਂ ਦੀ ਚੋਣ ਕਰਨ ਲਈ ਵੇਲੇ ਬੱਚਿਆਂ ਦੇ ਪੂਰਵ-ਗਿਆਨ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਇਹ ਉਸ ਪਾਠ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ ਜਿਸ ਨੂੰ ਬੱਚਾ ਪਹਿਲਾਂ ਹੀ ਪੜ੍ਹ ਚੁੱਕਿਆ ਹੋਵੇ।

2. **ਨਿਸ਼ਚਿਤ ਅਤੇ ਸੀਮਿਤ** : ਸੌਂਪਣੀ ਨਿਸ਼ਚਿਤ ਅਤੇ ਸੀਮਿਤ ਹੋਣੀ ਚਾਹੀਦੀ ਹੈ। ਸਮਾਜਿਕ ਅਧਿਐਨ ਵਿਚ ਦਿੱਤੀ ਗਈ ਸੌਂਪਣੀ ਇੰਨ੍ਹੀ ਲੰਬੀ ਅਤੇ ਅਨਿਸ਼ਚਿਤ ਨਹੀਂ ਹੋਣੀ ਚਾਹੀਦੀ ਜਿਸ ਨੂੰ ਵਿਦਿਆਰਥੀ ਯੋਗ ਤਰੀਕੇ ਨਾਲ ਖਤਮ ਨਾ ਕਰ ਸਕਣ।

3. **ਯੋਜਨਾ ਅਧੀਨ** : ਸੌਂਪਣੀ ਦੇਣ ਤੋਂ ਪਹਿਲਾਂ ਉਸ ਉੱਤੇ ਚੰਗੀ ਤਰ੍ਹਾਂ ਨਾਲ ਵਿਚਾਰ ਕਰਨਾ ਚਾਹੀਦਾ ਹੈ ਅਤੇ ਉਸ 'ਤੇ ਵਿਆਪਕ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਨੂੰ ਪਾਠ ਦੇ ਅੰਤ ਵਿਚ ਜਲਦਬਾਜੀ ਨਾਲ ਨਹੀਂ ਦਿੱਤਾ ਜਾਣਾ ਚਾਹੀਦਾ। ਦਿੱਤੇ ਗਏ ਪ੍ਰਸ਼ਨ ਪੜ੍ਹਾਈ ਪਾਠ ਸਮੱਗਰੀ ਉੱਤੇ ਆਧਾਰਿਤ ਹੋਣੇ ਚਾਹੀਦੇ ਹਨ।

4. **ਮਨੋਵਿਗਿਆਨਿਕ ਸਿਧਾਂਤਾਂ 'ਤੇ ਆਧਾਰਿਤ** : ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸੌਂਪਣੀ ਬੱਚਿਆਂ ਦੇ ਮਾਨਸਿਕ ਪੱਧਰ ਅਤੇ ਰੁਚੀਆਂ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਇਹ ਸਰਲ ਤੋਂ ਔਖੇ ਜਾਣ ਤੋਂ ਅਣਜਾਣ ਵਰਗੇ ਮਨੋਵਿਗਿਆਨਿਕ ਸਿਧਾਂਤਾਂ ਤੇ ਆਧਾਰਿਤ ਹੋਣੀ ਚਾਹੀਦੀ ਹੈ।

5. **ਉਪਯੋਗਿਤਾ** : ਸੌਂਪਣੀ ਵਿਚ ਉਸ ਪਾਠ-ਸਮੱਗਰੀ ਉੱਤੇ ਧਿਆਨ ਦੇਣਾ ਚਾਹੀਦਾ ਹੈ ਜਿਹੜਾ ਬੱਚਿਆਂ ਦੇ ਲਈ ਉਪਯੋਗੀ ਅਤੇ ਜਰੂਰੀ ਹੋਵੇ ਨਹੀਂ ਤਾਂ ਉਹ ਉਸ ਨੂੰ ਬੇ-ਅਰਥ ਸਮਝ ਕੇ ਪੂਰਾ ਨਹੀਂ ਕਰਨਗੇ।

6. **ਬੱਚਿਆਂ ਦੇ ਪੱਧਰ ’ਤੇ ਆਧਾਰਿਤ** : ਸੌਂਪਣੀ ਦਿੰਦੇ ਹੋਏ ਬੱਚਿਆਂ ਦੇ ਪੱਧਰ ਦਾ ਧਿਆਨ ਰੱਖਣਾ ਚਾਹੀਦਾ ਹੈ। ਛੋਟੀਆਂ ਜਮਾਤਾਂ ਦੇ ਬੱਚਿਆਂ ਨੂੰ ਅਸਾਨ ਅਤੇ ਵੱਡੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਖੋਜੀ ਪ੍ਰਕਾਰ ਦੀਆਂ ਸੌਂਪਣੀਆਂ ਦੇਣੀਆਂ ਚਾਹੀਦੀਆਂ ਹਨ।

7. **ਵਖਰੇਵਾਂ** : ਸੌਂਪਣੀਆਂ ਵਿਚ ਵਖਰੇਵਾਂ ਹੋਣਾ ਚਾਹੀਦਾ ਹੈ। ਜੇਕਰ ਅਸੀਂ ਇਕ ਵਿਦਿਆਰਥੀ ਨੂੰ ਇੱਕੋ ਜਿਹੀ ਸੌਂਪਣੀ ਦਿੰਦੇ ਹਾਂ ਤਾਂ ਉਹ ਉਸ ਵਿਚ ਰੁਚੀ ਨਹੀਂ ਦਿਖਾਵੇਗਾ।

8. **ਸਜ਼ਾ ਦਾ ਸਾਧਨ ਨਹੀਂ**: ਸੌਂਪਣੀ ਨੂੰ ਸਜ਼ਾ ਦੇ ਸਾਧਨ ਵਾਂਗ ਨਹੀਂ ਪ੍ਰਯੋਗ ਕਰਨਾ ਚਾਹੀਦਾ ਹੈ। ਕੋਈ ਵੀ

ਅਜਿਹਾ ਕੰਮ ਨਹੀਂ ਦੇਣਾ ਚਾਹੀਦਾ ਜਿਹੜਾ ਵਿਦਿਆਰਥੀਆਂ ਨੂੰ ਸਜ਼ਾ ਜਾਪੇ। ਸੌਂਪਣੀ ਦਿੰਦੇ ਹੋਏ ਅਧਿਆਪਕ ਨੂੰ ਬੱਚਿਆਂ ਦੇ ਘਰੇਲੂ ਵਾਤਾਵਰਨ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਜੁਗਤ ਮਨੋਵਿਗਿਆਨਕ ਸਿਧਾਂਤਾਂ ’ਤੇ ਆਧਾਰਿਤ ਹੈ ਜਿਹੜੀ ਅਧਿਆਪਕ ਦੇ ਹੱਥ ਵਿਚ ਅਜਿਹਾ ਔਜ਼ਾਰ ਹੈ ਜਿਸ ਦੀ ਸਮੇਂ ’ਤੇ ਯੋਗ ਵਰਤੋਂ ਲੋੜੀਂਦੇ ਨਤੀਜੇ ਲਿਆ ਸਕਦੀ ਹੈ।

### 1.3.4 ਮੌਖਿਕ ਪ੍ਰੀਖਿਆਵਾਂ :

ਮੌਖਿਕ ਪ੍ਰੀਖਿਆਵਾਂ ਮੁਲਾਂਕਣ ਦਾ ਬਹੁਤ ਹੀ ਉਤਮ ਸਾਧਨ ਹਨ। ਇਸ ਵਿੱਚ ਪ੍ਰੀਖਿਆ ਲੈਣ ਵਾਲਾ ਵਿਦਿਆਰਥੀਆਂ ਦੇ ਸਾਹਮਣੇ ਕੁਝ ਪ੍ਰਸ਼ਨ ਰੱਖਦਾ ਹੈ ਅਤੇ ਤੱਤਕਾਲ ਉੱਤਰ ਦੀ ਮੰਗ ਕਰਦਾ ਹੈ। ਵਿਦਿਆਰਥੀ ਨੂੰ ਇਸ ਦੇ ਉੱਤਰ ਮੌਖਿਕ-ਰੂਪ ਵਿੱਚ ਦਸਨੇ ਹੁੰਦੇ ਹਨ। ਇਹ ਬਹੁਤ ਹੀ ਸਾਧਾਰਨ ਤਰੀਕਾ ਹੈ ਅਤੇ ਮੌਕੇ ਦੌਰਾਨ ਕੀਤੇ ਗਏ ਮੁਲਾਂਕਣ ਦਾ ਰੂਪ ਹੈ। ਜਿਸ ਦੀ ਵਰਤੋਂ ਸਿੱਖਿਆ ਖੇਤਰ ਵਿੱਚ ਕੀਤੀ ਜਾਂਦੀ ਹੈ।

ਮੌਖਿਕ ਪ੍ਰੀਖਿਆਵਾਂ ਦੀ ਵਰਤੋਂ ਵੱਖ-ਵੱਖ ਉਦੇਸ਼ਾਂ ਨਾਲ ਕੀਤੀ ਜਾਂਦੀ ਹੈ। ਸਕੂਲ ਪੱਧਰ ਤੇ ਵਿਸ਼ਾ-ਵਸਤੂ ਦੇ ਗਿਆਨ ਦੀ ਜਾਂਚ ਲਈ, ਸਕੂਲ ਤੋਂ ਬਾਅਦ ਕਿੱਤੇ ਬਾਰੇ ਗਿਆਨ ਦੀ ਪਰਖ ਕਰਨ ਲਈ ਅਤੇ ਉੱਚ ਸਿੱਖਿਆ ਪੱਧਰ ਤੇ ਖੋਜ ਕਾਰਜਾਂ ਨਾਲ ਸਬੰਧਿਤ ਉਦੇਸ਼ਾਂ ਦੀ ਪੂਰਤੀ ਲਈ ਇਹਨਾਂ ਪ੍ਰੀਖਿਆਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਦ ਕਿ ਮੁਲਾਂਕਣ ਦੇ ਸਾਧਨ ਦੇ ਰੂਪ ਵਿਚ ਮੌਖਿਕ ਪ੍ਰੀਖਿਆਵਾਂ ਦੀ ਵਰਤੋਂ ਘੱਟ ਹੁੰਦੀ ਹੈ।

ਮੌਖਿਕ ਪ੍ਰੀਖਿਆ ਰਾਹੀਂ ਵਿਦਿਆਰਥੀ ਦੇ ਨਾ ਕੇਵਲ ਗਿਆਨ, ਸਗੋਂ ਉਸ ਦੀਆਂ ਭਾਵਨਾਵਾਂ, ਵਤੀਰਿਆਂ ਅਤੇ ਮੁੱਲਾਂ ਬਾਰੇ ਵੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਵਿਚਾਰ ਪੇਸ਼ ਕਰਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਰੁਚੀ ਪ੍ਰਗਟਾਉਣ ਦੀ ਸ਼ਕਤੀ ਅਤੇ ਸਵੈ-ਵਿਸ਼ਵਾਸ ਦਾ ਵੀ ਪਤਾ ਲਗਾਇਆ ਜਾ ਸਕਦਾ ਹੈ।

ਜੇ ਪ੍ਰਸ਼ਨਾਂ ਨੂੰ ਇਸ ਤਰ੍ਹਾਂ ਤਰਤੀਬ ਦਿੱਤੀ ਜਾਏ ਕਿ ਉਹ ਕਿਸੇ ਵਿਸ਼ੇਸ਼ ਇਕਾਈ ਉਤੇ ਪੂਰੀ ਰੌਸ਼ਨੀ ਪਾ ਕੇ ਸੰਕਲਪ ਨੂੰ ਸਪੱਸ਼ਟ ਕਰਨ ਤਾਂ ਮੌਖਿਕ ਪ੍ਰੀਖਿਆਵਾਂ ਲਈ ਲਾਭਦਾਇਕ ਸਿੱਧ ਹੋ ਸਕਦੀਆਂ ਹਨ।

1.3.4.1 **ਮੌਖਿਕ ਪ੍ਰੀਖਿਆ ਦੇ ਲਾਭ** :

1. **ਸਮੇਂ ਦੀ ਬੱਚਤ** : ਮੌਖਿਕ ਪ੍ਰੀਖਿਆਵਾਂ ਦੁਆਰਾ ਅਧਿਆਪਕ ਥੋੜ੍ਹੇ ਸਮੇਂ ਵਿੱਚ ਕਾਫ਼ੀ, ਪਾਠਕ੍ਰਮ ਬਾਰੇ ਵਿਦਿਆਰਥੀਆਂ ਦੇ ਗਿਆਨ, ਸੂਚਨਾ ਜਾਂ ਸੰਕਲਪਾਂ ਦੀ ਜਾਣਕਾਰੀ ਬਾਰੇ ਜਾਂਚ ਕਰ ਸਕਦਾ ਹੈ।
2. **ਵਿਆਪਕ ਨਮੂਨੇ** : ਮੌਖਿਕ ਪ੍ਰੀਖਿਆ ਦੀ ਵਰਤੋਂ ਕਰਕੇ ਅਧਿਆਪਕ ਸਾਰੇ ਪਾਠਕ੍ਰਮ ਨਾਲ ਸਬੰਧਿਤ ਪ੍ਰਸ਼ਨ ਪੁੱਛ ਸਕਦਾ ਹੈ।
3. **ਧਨ ਦੀ ਬੱਚਤ** : ਮੌਖਿਕ ਪ੍ਰੀਖਿਆ ਲਈ ਕਾਗਜ਼, ਪੈਨ ਜਾਂ ਛਪਾਈ ਦੇ ਖਰਚੇ ਦੀ ਬੱਚਤ ਹੋ ਜਾਂਦੀ ਹੈ। ਅਧਿਆਪਕ ਜ਼ਬਾਨੀ ਹੀ ਪ੍ਰਸ਼ਨ ਪੁੱਛ ਕੇ ਪ੍ਰੀਖਣ ਕਰ ਲੈਂਦਾ ਹੈ।
4. **ਤਤਕਾਲ ਮੁਲਾਂਕਣ** : ਆਮ ਤੌਰ ਤੇ ਪਾਠ ਪੜ੍ਹਾਉਣ ਉਪਰੰਤ ਅਧਿਆਪਕ ਦੁਹਰਾਈ ਲਈ ਮੌਖਿਕ ਪ੍ਰਸ਼ਨ ਪੁੱਛਦਾ ਹੈ। ਜਿਸ ਨਾਲ ਅਧਿਆਪਕ ਨੂੰ ਤਤਕਾਲ ਹੀ ਪਤਾ ਲੱਗ ਜਾਂਦਾ ਹੈ ਕਿ ਵਿਦਿਆਰਥੀਆਂ ਨੇ ਪਾਠ ਨੂੰ ਕਿੰਨਾ ਕੁ ਸਮਝ ਲਿਆ ਹੈ ਜਾਂ ਕਿਹੜੇ ਭਾਗ ਵਿੱਚ ਵਿਦਿਆਰਥੀ ਨੂੰ ਸਮਝਣ ਵਿਚ ਔਖ ਮਹਿਸੂਸ ਹੋ ਰਹੀ ਹੈ, ਉਸ ਭਾਗ ਲਈ ਦੁਬਾਰਾ ਅਧਿਆਪਨ ਕੀਤਾ ਜਾ ਸਕਦਾ ਹੈ।
5. **ਸੰਵੇਗਾਂ ਦਾ ਸ਼ਾਮਿਲ ਹੋਣਾ** : ਮੌਖਿਕ ਪ੍ਰੀਖਿਆਵਾਂ ਵਿੱਚ ਗਿਆਨ, ਸੂਚਨਾ ਅਤੇ ਸੰਕਲਪਾਂ ਦੇ ਨਾਲ-ਨਾਲ ਵਿਦਿਆਰਥੀਆਂ ਦੀਆਂ ਭਾਵਨਾਵਾਂ ਬਾਰੇ ਵੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ। ਉਦਾਹਰਣ ਵਜੋਂ ਜੇਕਰ ਬੀਮਾਰ ਵਿਦਿਆਰਥੀ ਲਿਖਤੀ ਪ੍ਰੀਖਿਆ ਦੇ ਰਿਹਾ ਹੈ, ਇਸ ਬਾਰੇ ਅਧਿਆਪਕ ਨੂੰ ਉਸ ਦੀ ਉੱਤਰ-ਪੱਤਰ ਤੋਂ ਪਤਾ ਨਹੀਂ ਲਗਦਾ ਪਰ ਮੌਖਿਕ ਪ੍ਰੀਖਿਆਵਾਂ ਵਿੱਚ ਅਧਿਆਪਕ ਇਹ ਜਾਣ ਲੈਂਦਾ ਹੈ ਕਿ ਵਿਦਿਆਰਥੀ ਸਰੀਰਕ ਤੌਰ 'ਤੇ ਠੀਕ ਨਹੀਂ ਹੈ।
6. **ਅਧਿਆਪਕ-ਵਿਦਿਆਰਥੀ ਵਿਚਕਾਰ ਵਧੀਆ ਸੰਬੰਧ** : ਮੌਖਿਕ ਪ੍ਰੀਖਿਆਵਾਂ ਦੀ ਵਰਤੋਂ ਸਮੇਂ ਅਧਿਆਪਕ ਅਤੇ ਵਿਦਿਆਰਥੀ ਇਕ ਦੂਸਰੇ ਦੇ ਸਾਹਮਣੇ ਹੁੰਦੇ ਹਨ। ਪਹਿਲਾਂ ਉਨ੍ਹਾਂ 'ਚ ਵਧੀਆ ਮਨੁੱਖੀ-ਸੰਬੰਧ ਪੈਦਾ ਹੁੰਦੇ ਹਨ ਫਿਰ ਪ੍ਰੀਖਣ ਹੁੰਦਾ ਹੈ। ਇਸ ਤਰ੍ਹਾਂ ਮੌਖਿਕ ਪ੍ਰੀਖਿਆਵਾਂ ਵਧੀਆ ਅਧਿਆਪਕ-ਵਿਦਿਆਰਥੀ ਸੰਬੰਧ ਪੈਦਾ ਕਰਨ 'ਚ ਸਹਾਈ ਹੁੰਦੀਆਂ ਹਨ।

1.3.4.2 **ਮੌਖਿਕ ਪ੍ਰੀਖਿਆਵਾਂ ਦੀਆਂ ਹਾਨੀਆਂ** :

1. **ਅੰਤਰਮੁਖੀ ਵਿਦਿਆਰਥੀਆਂ ਲਈ ਉੱਚਿਤ ਨਹੀਂ** : ਅੰਤਰਮੁਖੀ ਵਿਅਕਤੀਤਵ ਵਾਲੇ ਵਿਦਿਆਰਥੀ ਸਮੂਹ ਸਾਹਮਣੇ ਬੋਲਣ ਸਮੇਂ ਝਿਜਕ ਮਹਿਸੂਸ ਕਰਦੇ ਹਨ। ਇਸ ਲਈ ਅਜਿਹੇ ਵਿਦਿਆਰਥੀਆਂ ਦੇ ਮੁਲਾਂਕਣ ਲਈ ਮੌਖਿਕ ਪ੍ਰੀਖਿਆਵਾਂ ਦੀ ਵਰਤੋਂ ਉੱਚਿਤ ਨਹੀਂ ਹੈ।
2. **ਲਿਖਣ ਦੇ ਹੁਨਰ ਨੂੰ ਅਣਡਿੱਠਾ ਕਰਨਾ** : ਮੌਖਿਕ ਪ੍ਰੀਖਿਆਵਾਂ ਦੀ ਵਰਤੋਂ ਨਾਲ ਵਿਦਿਆਰਥੀਆਂ ਦੀ ਹੱਥ-ਲਿਖਤ ਵਿੱਚ ਸੁਧਾਰ ਨਹੀਂ ਆਉਂਦਾ ਅਤੇ ਉਨ੍ਹਾਂ ਦੇ ਲਿਖਣ ਦੇ ਹੁਨਰਾਂ ਦਾ ਵਿਕਾਸ ਨਹੀਂ ਹੁੰਦਾ।
3. **ਵਿਅਕਤੀਗਤ** : ਮੌਖਿਕ ਪ੍ਰੀਖਿਆ ਲੈਣ 'ਚ ਅਧਿਆਪਕ ਦੀ ਅਹਿਮ ਭੂਮਿਕਾ ਹੈ ਅਤੇ ਉਹ ਇੱਕ ਵਿਦਿਆਰਥੀ ਨੂੰ ਔਖੇ ਅਤੇ ਦੂਸਰੇ ਨੂੰ ਸੌਖੇ ਪ੍ਰਸ਼ਨ ਪੁੱਛ ਸਕਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਦੀ ਆਪਸੀ ਤੁਲਨਾ ਠੀਕ ਢੰਗ ਨਾਲ ਨਹੀਂ ਹੁੰਦੀ।
4. **ਸਵਾਲ ਪੁੱਛਣ ਵਿਚ ਔਖ** : ਸ਼੍ਰੇਣੀ ਦੇ ਸਾਰੇ ਵਿਦਿਆਰਥੀਆਂ ਦਾ ਮੁਲਾਂਕਣ ਕਰਨਾ ਅਤੇ ਕਈ ਸਵਾਲ ਪੁੱਛਣਾ ਵੀ ਅਧਿਆਪਕ ਲਈ ਔਖਾ ਹੋ ਜਾਂਦਾ ਹੈ।

5. **ਸਾਰੇ ਪਾਠਕ੍ਰਮ ਦੇ ਮੁਲਾਂਕਣ ਵਿਚ ਔਖਾਈ** : ਮੌਖਿਕ ਪ੍ਰੀਖਿਆਵਾਂ ਸਿਲੇਬਸ ਦੇ ਥੋੜ੍ਹੇ ਭਾਗ ਦੇ ਮੁਲਾਂਕਣ ਲਈ ਉੱਚਿਤ ਹਨ। ਜੇਕਰ ਸਾਰੇ ਪਾਠਕ੍ਰਮ ਦਾ ਮੁਲਾਂਕਣ ਕਰਨਾ ਹੋਵੇ, ਜਿਵੇਂ ਸਲਾਨਾ ਪ੍ਰੀਖਿਆ ਵਿੱਚ ਲਿਖਤੀ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ, ਤਾਂ ਇਹ ਪ੍ਰੀਖਿਆਵਾਂ ਉੱਚਿਤ ਨਹੀਂ ਹਨ।

6. **ਸਮਾਂ ਨਸ਼ਟ ਹੋਣਾ** : ਜੇਕਰ ਸ਼੍ਰੇਣੀ ਦੇ ਸਾਰੇ ਵਿਦਿਆਰਥੀਆਂ ਦਾ ਮੁਲਾਂਕਣ ਮੌਖਿਕ ਪ੍ਰੀਖਿਆਵਾਂ ਰਾਹੀਂ ਕਰਨਾ ਹੋਵੇ ਤਾਂ ਅਧਿਆਪਕ ਨੂੰ ਬਹੁਤ ਸਮਾਂ ਲੱਗਦਾ ਹੈ ਜਿਸ ਨਾਲ ਸ਼੍ਰੇਣੀ ਦਾ ਕੀਮਤੀ ਸਮਾਂ ਅਜਾਈਂ ਚਲਾ ਜਾਂਦਾ ਹੈ।

ਅੰਤ ਵਿੱਚ, ਮੌਖਿਕ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਗਿਆਨ, ਸਮਝ ਅਤੇ ਸੂਚਨਾ ਨੂੰ ਜਾਂਚਣ ਦੀ ਪ੍ਰਭਾਵਸ਼ਾਲੀ ਤਕਨੀਕ ਹਨ। ਅਧਿਆਪਕ ਆਪਣੇ ਅਧਿਆਪਨ ਦੀ ਵਿਧੀ, ਜੁਗਤਾਂ, ਤਕਨੀਕਾਂ ਅਤੇ ਅਧਿਆਪਨ ਸਹਾਇਕ ਸਮੱਗਰੀ 'ਚ ਸੁਧਾਰ ਕਰਕੇ ਆਪਣੇ ਅਧਿਆਪਨ ਨੂੰ ਹੋਰ ਨਿਖਾਰ ਸਕਦਾ ਹੈ।

### 1.3.4.3 ਮੌਖਿਕ ਪ੍ਰੀਖਿਆਵਾਂ ਦੀਆਂ ਕਿਸਮਾਂ :

ਮੌਖਿਕ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੇ ਸਾਹਮਣੇ ਮੌਖਿਕ ਰੂਪ ਵਿੱਚ ਪ੍ਰਸ਼ਨ ਪ੍ਰਸਤੁਤ ਕੀਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਨੇ ਵੀ ਉਸ ਰੂਪ ਨਾਲ ਉੱਤਰ ਦੇਣਾ ਹੁੰਦਾ ਹੈ। ਇਹਨਾਂ ਪ੍ਰੀਖਣਾਂ ਦੇ ਲਈ ਦੋ ਵਿਕਲਪਿਕ ਕਿਸਮਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਨ੍ਹਾਂ ਵਿੱਚ ਮੌਖਿਕ ਪ੍ਰੀਖਣਾਂ ਵਾਲੇ ਕੁਝ ਸਾਂਝੇ ਤੱਤ ਪਾਏ ਜਾਂਦੇ ਹਨ। ਇਹਨਾਂ ਕਿਸਮਾਂ ਨੂੰ ''ਲਿਖਤੀ ਪ੍ਰਤੀਕਿਰਿਆ ਪ੍ਰੀਖਣ'' ਅਤੇ ''ਮੌਖਿਕ ਕਾਰਗੁਜ਼ਾਰੀ ਪ੍ਰੀਖਣ'' ਕਿਹਾ ਜਾਂਦਾ ਹੈ।

**(ੳ) ਮੌਖਿਕ ਪ੍ਰਤੀਕਿਰਿਆ ਪ੍ਰੀਖਿਆ** : ਇਹ ਪ੍ਰੀਖਿਆ ਪਰੰਪਰਾਗਤ ਮੌਖਿਕ ਪ੍ਰੀਖਿਆਵਾਂ ਦੀ ਤਰ੍ਹਾਂ ਹੁੰਦੀ ਹੈ। ਇਹਨਾਂ ਵਿੱਚ ਵਿਦਿਆਰਥੀਆਂ ਨੇ ਪੁੱਛੇ ਗਏ ਢੰਗ ਵਿੱਚ ਵੀ ਉੱਤਰ ਦੇਣਾ ਹੁੰਦਾ ਹੈ। ਇਸ ਕਿਸਮ ਦੇ ਪ੍ਰਸ਼ਨ ਹੀ ਮੌਖਿਕ ਪ੍ਰੀਖਿਆ ਦੇ ਲਈ ਜਾਇਜ਼ ਮੰਨੇ ਜਾਂਦੇ ਹਨ।

ਮੌਖਿਕ ਪ੍ਰਤੀਕਿਰਿਆ ਪ੍ਰੀਖਿਆਵਾਂ ਦੇ ਲਾਭ :

1. ਇਹਨਾਂ ਪ੍ਰੀਖਿਆਵਾਂ ਵਿੱਚ ਵਿਦਿਆਰਥੀ ਨੂੰ ਭਾਸ਼ਾ ਬੋਲਣ ਤੋਂ ਬਿਨਾਂ ਲਿਖਣ ਜਾਂ ਪੜ੍ਹਨ ਦੀ ਜ਼ਰੂਰਤ ਨਹੀਂ ਪੈਂਦੀ। ਸੋ ਇਹ ਕੇਵਲ ਮੌਖਿਕ ਗੁਣ ਨਾਲ ਹੀ ਸਬੰਧਿਤ ਹਨ।
2. ਇਹ ਪ੍ਰੀਖਿਆਵਾਂ ਕਿਸੇ ਵੀ ਥਾਂ ਲਈਆਂ ਜਾ ਸਕਦੀਆਂ ਹਨ ਜਦਕਿ ਬਾਕੀ ਪ੍ਰੀਖਿਆਵਾਂ ਲਈ ਉੱਚਿਤ ਥਾਂ ਦੀ ਲੋੜ ਪੈਂਦੀ ਹੈ।

**ਮੌਖਿਕ ਪ੍ਰਤੀਕਿਰਿਆ ਪ੍ਰੀਖਿਆਵਾਂ ਦੀਆਂ ਹਾਨੀਆਂ :**

1. ਇਹ ਪ੍ਰੀਖਣ ਭਾਵੇਂ ਇੱਕ ਜਮਤਾਤ ਵਿੱਚ ਹੋਣ ਜਾਂ ਕਿਸੇ ਹੋਰ ਥਾਂ 'ਤੇ ਹੋਵੇ, ਇੱਕ ਪ੍ਰੀਖਿਆਰਥੀ ਅਤੇ ਪ੍ਰੀਖਿਆ ਲੈਣ ਵਾਲੇ ਦੇ ਵਿਚਕਾਰ ਵਿਅਕਤੀਗਤ ਪਰਸਪਰ ਸੰਵਾਦ ਤੱਕ ਹੀ ਸੀਮਤ ਹੁੰਦੇ ਹਨ।
2. ਇਹ ਪ੍ਰੀਖਣ ਬਹੁਤ ਜ਼ਿਆਦਾ ਸਮਾਂ ਖਰਚ ਕਰਦੇ ਹਨ ਜਦੋਂ ਪ੍ਰਸ਼ਨ ਬਹੁਤ ਹੀ ਗਹਿਰਾਈ ਤੱਕ ਪੁੱਛੇ ਜਾਂਦੇ ਹਨ।
3. ਇਹ ਵਿਧੀ ਵਰਤਮਾਨ ਆਂਕਲਣ ਵਿਧੀਆਂ ਵਿੱਚੋਂ ਸਭ ਤੋਂ ਘੱਟ ਕੁਸ਼ਲ ਵਿਧੀ ਹੈ।

**(ਅ) ਲਿਖਤੀ ਪ੍ਰਤੀਕ੍ਰਿਆ ਪ੍ਰੀਖਣ** : ਇਹਨਾਂ ਪ੍ਰੀਖਣਾਂ ਵਿੱਚ ਪ੍ਰੀਖਿਆ ਲੈਣ ਵਾਲਾ ਵਿਦਿਆਰਥੀਆਂ ਨੂੰ ਮੌਖਿਕ ਤੌਰ 'ਤੇ ਪ੍ਰਸ਼ਨ ਪੁੱਛਦਾ ਹੈ ਅਤੇ ਵਿਦਿਆਰਥੀਆਂ ਨੇ ਲਿਖਤੀ ਰੂਪ ਵਿੱਚ ਉੱਤਰ ਦੇਣੇ ਹੁੰਦੇ ਹਨ। ਇਹ ਪ੍ਰੀਖਣ ਪਰੰਪਰਾਗਤ ਮੌਖਿਕ ਅਤੇ ਲਿਖਤੀ ਪ੍ਰੀਖਣ ਦੇ ਵਿਚਕਾਰ

ਆਉਂਦੇ ਹਨ। ਇਸ ਦੇ ਲਈ ਸ਼ਬਦ-ਬਣਤਰ ਕੌਸ਼ਲ ਇੱਕ ਸਭ ਤੋਂ ਮਹੱਤਵਪੂਰਨ ਉਦਾਹਰਨ ਹੈ ਜਿਸ ਵਿੱਚ ਅਧਿਆਪਕ ਦੁਆਰਾ ਬੋਲਿਆ ਗਿਆ ਸ਼ਬਦ ਵਿਦਿਆਰਥੀਆਂ ਨੇ ਲਿਖਣਾ ਹੁੰਦਾ ਹੈ।

ਅਧਿਆਪਕਾਂ ਦੁਆਰਾ ''ਮੌਖਿਕ ਪ੍ਰਤੀਕਿਰਿਆ ਪ੍ਰੀਖਣ'' ਦੀ ਥਾਂ ਤੇ ''ਲਿਖਤੀ ਪ੍ਰਤੀਕਿਰਿਆ'' ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ।

**ਲਿਖਤੀ ਪ੍ਰਤੀਕ੍ਰਿਆ ਪ੍ਰੀਖਣ ਦੇ ਲਾਭ** : 1. ਇਹ ਇੱਕ ਸਮੇਂ ਤੇ ਬਹੁਤ ਸਾਰੇ ਵਿਦਿਆਰਥੀਆਂ ਲਈ ਵਰਤੋਂ ਵਿੱਚ ਲਿਆਂਦੀ ਜਾ ਸਕਦੀ ਹੈ ਨਾ ਕਿ ਕੇਵਲ ਇੱਕ ਵਿਦਿਆਰਥੀ ਦੇ ਲਈ। 2. ਲਿਖਣ-ਕੌਸ਼ਲ ਮੁਲਾਂਕਣ ਦਾ ਆਧਾਰ ਬਣ ਜਾਂਦਾ ਹੈ।

**ਲਿਖਤੀ ਪ੍ਰਤੀਕ੍ਰਿਆ ਪ੍ਰੀਖਣ ਦੀਆਂ ਹਾਨੀਆਂ** : 1. ਇਹਨਾਂ ਪ੍ਰੀਖਣਾਂ ਵਿੱਚ ਕਈ ਮੌਖਿਕ ਪ੍ਰੀਖਣ ਵਾਲੇ ਲਾਭ ਪ੍ਰਾਪਤ ਨਹੀਂ ਹੋ ਸਕਦੇ। 2. ਇਹਨਾਂ ਪ੍ਰੀਖਣਾਂ ਲਈ ਵਿਦਿਆਰਥੀ ਅੰਦਰ ਲਿਖਣ ਦੀ ਯੋਗਤਾ ਹੋਣੀ ਚਾਹੀਦੀ ਹੈ। 3. ਇਹ ਪ੍ਰੀਖਣ ਛੋਟੇ ਬੱਚਿਆਂ ਅਤੇ ਸਰੀਰਕ ਰੂਪ ਤੋਂ ਵਿਕਲਾਂਗ ਬੱਚਿਆਂ ਲਈ ਉਪਯੋਗੀ ਨਹੀਂ ਰਹਿੰਦੇ। 4. ਮੌਖਿਕ ਪ੍ਰੀਖਿਆਵਾਂ ਦਾ ਸਭ ਤੋਂ ਮਹੱਤਵਪੂਰਨ ਉਦੇਸ਼ ਬੋਲਚਾਲ-ਕੌਸ਼ਲ ਅਤੇ ਆਤਮ-ਪ੍ਰਗਟਾਅ ਨੂੰ ਮਾਪਣਾ ਹੁੰਦਾ ਹੈ ਜੋ ਇਹਨਾਂ ਪ੍ਰਸ਼ਨਾਂ ਦੇ ਨਾਲ ਮੁਮਕਿਨ ਨਹੀਂ ਹੁੰਦਾ।

**(ੲ) ਮੌਖਿਕ ਕਾਰਗੁਜ਼ਾਰੀ ਪ੍ਰੀਖਣ** : ਇਸ ਕਿਸਮ ਵਿੱਚ ਵਿਦਿਆਰਥੀਆਂ ਨੂੰ ਮੌਖਿਕ ਰੂਪ ਵਿੱਚ ਇੱਕ ਕੰਮ ਦਿੱਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਦੁਆਰਾ ਇਸ ਨੂੰ ਪੂਰਾ ਕਰਨ ਦੇ ਤਰੀਕੇ ਨਾਲ ਉਹਨਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਮੌਖਿਕ ਕਾਰਗੁਜ਼ਾਰੀ ਪ੍ਰੀਖਣ ਵਿਸ਼ੇਸ਼ ਰੂਪ ਨਾਲ ਕਿਸੇ ਇੱਕ ਖੇਤਰ ਅਤੇ ਭਾਸ਼ਾ ਨਾਲ ਸਬੰਧਿਤ ਹੁੰਦੇ ਹਨ। ਉਦਾਹਰਨ ਲਈ ਵਿਦਿਆਰਥੀਆਂ ਨੂੰ ਕਿਸੇ ਵਿਦੇਸ਼ੀ ਭਾਸ਼ਾ ਵਿੱਚ ਪੈਰ੍ਹਾ ਪੜ੍ਹਨ ਲਈ ਕਿਹਾ ਜਾ ਸਕਦਾ ਹੈ, ਅਧਿਆਪਕ ਨਾਲ ਕਿਸੇ ਵਿਦੇਸ਼ੀ ਭਾਸ਼ਾ ਵਿੱਚ ਸੰਵਾਦ ਕਰਨ ਲਈ ਕਿਹਾ ਜਾ ਸਕਦਾ ਹੈ ਅਤੇ ਜਾਂ ਉਹਨਾਂ ਨੂੰ ਕੋਈ ਚਿੱਠੀ, ਪੱਤਰ ਬੋਲ ਕੇ ਲਿਖਣ ਲਈ ਕਿਹਾ ਜਾ ਸਕਦਾ ਹੈ। ਬਹੁਤ ਸਾਰੇ ਅਨੁਦੇਸ਼ਾਤਮਕ ਉਦੇਸ਼ ਜੋ ਕਿ ਲਿਖਤੀ ਪ੍ਰੀਖਣਾਂ ਦੁਆਰਾ ਨਹੀਂ ਮਾਪੇ ਜਾ ਸਕਦੇ ਇਹਨਾਂ ਪ੍ਰੀਖਣਾਂ ਦੁਆਰਾ ਮਾਪੇ ਜਾ ਸਕਦੇ ਹਨ।

ਸਿੱਖਿਆ ਦੇ ਵੱਖ-ਵੱਖ ਪੱਧਰਾਂ ਤੇ ਮੌਖਿਕ ਪ੍ਰੀਖਿਆਵਾਂ ਮੁਲਾਂਕਣ ਦਾ ਸਭ ਤੋਂ ਸਰਵੋਤਮ ਸਾਧਨ ਹੁੰਦੇ ਹਨ। ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰਾ ਵਿਧੀ ਨਾਲ ਪੜ੍ਹਾਉਣਾ ਮੌਖਿਕ ਪ੍ਰੀਖਣ ਦੀ ਬਹੁਤ ਵਧੀਆ ਉਦਾਹਰਣ ਹੈ। ਮੌਖਿਕ ਪ੍ਰੀਖਣਾਂ ਵਿੱਚ ਕਈ ਨਿਦਾਨਤਮਕ ਗੁਣ ਵੀ ਹੁੰਦੇ ਹਨ ਜੋ ਕਈ ਹਾਲਤਾਂ ਵਿੱਚ ਲਿਖਤੀ ਪ੍ਰੀਖਣ ਨਹੀਂ ਕਰ ਸਕਦੇ। ਇਹਨਾਂ ਪ੍ਰੀਖਣਾਂ ਦੇ ਨਾਲ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

**(ਸ) ਵਿਵਹਾਰਿਕ ਪ੍ਰੀਖਿਆਵਾਂ** : ਅਧਿਆਪਨ-ਸਿੱਖਣ ਪ੍ਰਕਿਰਿਆ ਵਿੱਚ ਵਿਵਹਾਰਿਕ ਕਾਰਜ ਨੂੰ ਬਹੁਤ ਮਹੱਤਵਪੂਰਣ ਤੱਥ ਮੰਨਿਆ ਜਾਂਦਾ ਹੈ ਅਤੇ ਵਿਦਿਆਰਥੀਆਂ ਅੰਦਰ ਵਿਵਹਾਰਿਕ ਕੌਸ਼ਲ ਦਾ ਨਿਰਮਾਣ ਕਰਨਾ ਮੁੱਖ ਅਧਿਆਪਨ ਉਦੇਸ਼ਾਂ ਵਿੱਚੋਂ ਇੱਕ ਹੈ। ਇਸ ਲਈ ਵਿਵਹਾਰਿਕ ਪ੍ਰੀਖਣਾਂ ਦਾ ਮੁਲਾਂਕਣ ਸਿੱਖਿਆ ਖੇਤਰ ਵਿੱਚ ਪ੍ਰਮੁੱਖ ਉਦੇਸ਼ਾਂ ਵਜੋਂ ਲਿਆ ਜਾਂਦਾ ਹੈ।

ਵਿਵਹਾਰਿਕ ਪ੍ਰੀਖਿਆਵਾਂ ਦੀ ਜ਼ਰੂਰਤ ਵਿਵਹਾਰਿਕ ਕੌਸ਼ਲ ਅਤੇ ਕਾਰਜ ਸਮਰੱਥਾ ਦੇ ਮੁਲਾਂਕਣ ਲਈ ਪੈਂਦੀ ਹੈ। ਕਈ ਵਾਰ ਵਿਵਹਾਰਿਕ ਕੰਮ ਸਿਧਾਂਤਿਕ ਕੰਮ ਨੂੰ ਪੁਨਰਬਲ ਦੇਣ ਵਿੱਚ ਮਦਦ

ਕਰਦੇ ਹਨ। ਕਲਾ ਅਤੇ ਸ਼ਿਲਪ ਆਦਿ ਵਿਸ਼ਿਆਂ ਵਿੱਚ ਇਹਨਾਂ ਪ੍ਰੀਖਿਆਵਾਂ ਦੀ ਵਿਸ਼ੇਸ਼ ਲੋੜ ਪੈਂਦੀ ਹੈ।

**1.3.5. ਸੁਝਾਈ ਸੂਚੀ**

1. Guilford J.P. - Fundamental Statistics in Psychology and Education
2. Garrett H.E. - Statistics in Psychology and Education.
3. ਇੰਦਰਦੇਵ ਨੰਦਰਾ – ਸਮਾਜਿਕ ਅਧਿਐਨ ਦਾ ਅਧਿਆਪਨ

**1.3.6 ਸੁਝਾਏ ਪ੍ਰਸ਼ਨ**

1. ਸੌਂਪਣੀ/ਘਰ ਦੇ ਕੰਮ ਤੋਂ ਦੀ ਭਾਵ ਹੈ? ਇਸ ਦੇ ਉਦੇਸ਼ਾਂ ਅਤੇ ਗੁਣਾਂ ਤੇ ਚਾਨਣਾ ਪਾਓ।
2. ਸੌਂਪਣੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੁਝਾਅ ਲਿਖੋ।
3. ਜੁਬਾਨੀ ਪ੍ਰੀਖਿਆ/ਮੌਖਿਕ ਪ੍ਰੀਖਿਆਵਾਂ ਬਾਰੇ ਨੋਟ ਲਿਖੋ।
4. ਵਿਦਿਆਰਥੀ ਦੇ ਆਂਕਲਨ ਵਿੱਚ ਮੌਖਿਕ ਪ੍ਰੀਖਿਆਵਾਂ ਦੀ ਭੂਮਿਕਾ ਦਾ ਵਰਣਨ ਕਰੋ।

## ਪ੍ਰੀਖਣ-ਕਿਸਮਾਂ ਅਤੇ ਉਨ੍ਹਾਂ ਦੇ ਗੁਣ-ਔਗੁਣ

**ਬਣਤਰ**

1.4.1 ਉਦੇਸ਼
1.4.2 ਜਾਣ-ਪਛਾਣ
1.4.2.1ਵਿਵਸਥਾ ਅਨੁਸਾਰ ਪ੍ਰੀਖਣ
1.4.2.2ਮੰਤਵਾਂ ਅਨੁਸਾਰ ਪ੍ਰੀਖਣ
1.4.2.3ਨਿਪੁੰਨਤਾਵਾਂ ਦੀ ਵਰਤਮਾਨ ਦਸ਼ਾ
1.4.3 ਨਿਪੁੰਨਤਾ ਪ੍ਰੀਖਣ
1.4.4 ਵੱਡੇ ਉੱਤਰਾਂ ਵਾਲੇ ਪ੍ਰਸ਼ਨ
1.4.4.1ਲਾਭ
1.4.4.2ਹਾਨੀਆਂ
1.4.4.3ਸੁਝਾਅ
1.4.5 ਛੋਟੇ ਉੱਤਰਾਂ ਵਾਲੇ ਪ੍ਰੀਖਣ
1.4.5.1ਵਿਸਤਰਿਤ ਉੱਤਰ ਵਾਲੇ
1.4.5.2ਸੰਮਿਲਿਤ ਅਤੇ ਪੂਰਣਤਾ ਵਾਲੇ
1.4.5.3ਲਾਭ
1.4.5.4ਹਾਨੀਆਂ
1.4.6 ਛੋਟੇ ਉੱਤਰਾਂ ਵਾਲੇ ਪ੍ਰੀਖਣ
1.4.6.1ਪੁਨਰ ਸਿਕਰਣ ਕਿਸਮ
1.4.6.2 ਗੁਣ
1.4.6.3 ਔਗੁਣ
1.4.6.4 ਸ਼ਨਾਖਤੀ ਮੱਦ
1.4.6.5 ਗੁਣ
1.4.6.6 ਔਗੁਣ
1.4.7 ਪ੍ਰੀਖਣ ਬਣਾਉਣ ਦੀਆਂ ਮੱਦਾਂ
1.4.7.1 ਪ੍ਰੀਖਣ ਦੀ ਯੋਜਨਾਬੰਦੀ
1.4.7.2 ਪ੍ਰੀਖਣ ਦੇ ਵਿਸ਼ਾ-ਵਸਤੂ ਦੀ ਬਜਾਰੀ ਤਿਆਰੀ
1.4.7.3 ਪ੍ਰੀਖਣ ਨੂੰ ਵਰਤ ਕੇ ਦੇਖਣਾ
1.4.7.4 ਮੱਦਾਂ ਦਾ ਵਿਸ਼ਲੇਸ਼ਣ

1.4.7.5 ਅੰਤਿਮ ਖਰੜਾ ਤਿਆਰ ਕਰਨਾ

1.4.7.6 ਪ੍ਰੀਖਣ ਦਾ ਮੁਲਾਂਕਣ ਕਰਨਾ

1.4.8 ਸਾਰ

1.4.9 ਸੁਝਾਏ ਪ੍ਰਸ਼ਨ

1.4.10 ਸੁਝਾਈਆਂ ਪੁਸਤਕਾਂ

## 4.1 ਉਦੇਸ਼ :

ਇਸ ਪਾਠ ਦਾ ਉਦੇਸ਼ ਹੇਠ ਲਿਖਿਆਂ ਮੰਤਵਾਂ ਨੂੰ ਪੂਰਿਆਂ ਕਰਨਾ ਹੈ।

(i) ਨਿਪੁੰਨਤਾ ਟੈਸਟ (ਪ੍ਰੀਖਣ) ਦੀ ਬਣਤਰ ਦੇ ਵੱਖ-ਵੱਖ ਪੜਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ।

(ii) ਉਦਾਹਰਣਾਂ ਸਹਿਤ ਵੱਖ-ਵੱਖ ਪ੍ਰੀਖਣਾਂ ਅਤੇ ਉਨ੍ਹਾਂ ਦੇ ਲਾਭਾਂ ਦਾ ਗਿਆਨ ਕਰਾਉਣਾ।

(iii) ਅਲੱਗ-ਅਲੱਗ ਟੈਸਟਾਂ (ਪ੍ਰੀਖਣਾਂ) ਦੇ ਫਾਇਦੇ ਅਤੇ ਊਣਤਾਈਆਂ ਦਾ ਵਿਦਿਆਰਥੀਆਂ ਨੂੰ ਗਿਆਨ ਕਰਵਾਉਣਾ।

## 1.4.2 ਜਾਣ-ਪਛਾਣ :

ਕਰ੍ਨਬੈਕ ਅਨੁਸਾਰ ਟੈਸਟ ਵਿਅਕਤੀ ਨੂੰ ਪਰਖਣ ਦੀ ਇਕ ਲੜੀਵਾਰ ਪ੍ਰਕਿਰਿਆ ਹੈ। ਇਸਨੂੰ ਅੰਕ-ਤਾਲਿਕਾ ਦੁਆਰਾ ਦਰਸਾਇਆ ਜਾ ਸਕਦਾ ਹੈ। ਇਕ੍ ਹੀ ਮਿਆਰੀ ਹਲਾਤਾਂ ਵਿਚ ਇਕ ਵਿਅਕਤੀ ਦੀ ਵਿਸ਼ੇ ਸਬੰਧੀ ਪਹੁੰਚ ਨੂੰ ਅੰਕਾਂ ਦੁਆਰਾ ਦਰਸਾਇਆ ਜਾ ਸਕਦਾ ਹੈ। ਟੈਸਟਾਂ ਦਾ ਮੁੱਖ ਮੰਤਵ ਪ੍ਰਖਿਆਰਥੀਆਂ ਵਿਚ ਅੰਤਰ ਨੂੰ ਜਾਨਣਾ ਹੈ। ਟੈਸਟਾਂ ਦਾ ਮਕਸਦ ਵਿਦਿਆਰਥੀਆਂ ਵਿਚ ਵਿਸ਼ੇ ਸਮੱਗਰੀ ਵਿਚ ਨਿਪੁੰਨਤਾ ਲਿਆਉਣਾ ਹੈ। ਟੈਸਟਾਂ ਦੁਆਰਾ ਮੁਲਾਂਕਣ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਵਿਚ ਸਹਾਈ ਹੁੰਦਾ ਹੈ। ਟੈਸਟ ਦੋ ਤਰ੍ਹਾਂ ਦੇ ਮਨੋਰਥ ਹੱਲ ਕਰਦੇ ਹਨ :

(i) **ਪੂਰਵ ਅਨੁਮਾਨ** : ਅਜਿਹੇ ਟੈਸਟ ਦੁਆਰਾ ਵਿਦਿਆਰਥੀ ਦੇ ਵਿਸ਼ੇ ਸਮੱਗਰੀ ਬਾਰੇ ਪੂਰਵ ਗਿਆਨ ਦਾ ਅੰਦਾਜ਼ਾ ਲਗਦਾ ਹੈ।

(ii) **ਪੜਚੋਲ** : ਇਸ ਦੁਆਰਾ ਸਾਨੂੰ ਵਿਦਿਆਰਥੀਆਂ ਵਿਚ ਕਿਸੇ ਧਾਰਨਾ ਪ੍ਰਤੀ ਸਪੱਸ਼ਟ ਨਾ ਹੋਣ ਦੇ ਕਾਰਨਾਂ ਦਾ ਪਤਾ ਲਗਦਾ ਹੈ।

### 1.4.2.1 ਵਿਵਸਥਾ ਅਨੁਸਾਰ ਪ੍ਰੀਖਣ :

(i) ਵਿਅਕਤੀਗਤ ਪ੍ਰੀਖਣ **(Individual test)**

(ii) ਸਮੂਹਆਤਮਿਕ ਪ੍ਰੀਖਣ **(Group test)**

### 1.4.2.2 ਮੰਤਵਾਂ ਅਨੁਸਾਰ ਪ੍ਰੀਖਣ :

(i) ਵਿਦਿਅਕ ਪ੍ਰੀਖਣ **(Educational test)**

(ii) ਮਨੋਵਿਗਿਆਨਕ ਪ੍ਰੀਖਣ **(Psychological test)** ਜਿਵੇਂ ਬੁੱਧੀ, ਕੁਸ਼ਲਤਾ, ਵਿਅਕਤਿਤਵ ਰੁਚੀ ਆਦਿ।

(iii) ਪੜਚੋਲ ਜਾਂ ਚਰਿੱਤਰ ਪਹਿਚਾਣ ਪ੍ਰੀਖਣ **(Diagnosis test)**

### 1.4.2.3 ਨਿਪੁੰਨਤਾ ਦੀ ਵਰਤਮਾਨ ਦਸ਼ਾ ਅਨੁਸਾਰ ਪ੍ਰੀਖਣ :

(i) ਸ਼ਕਤੀ ਜਾਂ ਨਿਪੁੰਨਤਾ ਅਤੇ ਤੇਜ਼ੀ ਪਰਖਣ ਵਾਲੇ ਪ੍ਰੀਖਣ **(Power and speed test)**

(ii) ਮੌਖਿਕ ਅਤੇ ਅਣਮੌਖਿਕ ਯੋਗਤਾ ਪ੍ਰੀਖਣ।

(iii) ਬਹੁ-ਉਦੇਸ਼ੀ ਪ੍ਰੀਖਣ ਅਤੇ ਪ੍ਰੀਖਣ-ਖੰਡ ਕਿਸਮ ਦੇ ਪ੍ਰੀਖਣ।

## 1.4.3 ਨਿਪੁੰਨਤਾ ਪ੍ਰੀਖਣ (Achievement test)

ਨਿਪੁੰਨਤਾ ਪ੍ਰੀਖਣ, ਪ੍ਰੀਖਿਆਰਥੀ ਦੀ ਨਿਪੁੰਨਤਾ ਦੀ ਅਸਲੀ ਪੱਧਰ ਮਿਣਦੇ ਹਨ। ਗਰੋਨਲੈਂਡ ਅਨੁਸਾਰ

ਨਿਪੁੰਨਤਾ ਪ੍ਰੀਖਣ ਵਿਦਿਆਰਥੀਆਂ ਦੀ ਮਿੱਥੇ ਸਮੇਂ ਵਿਸ਼ਾ ਸਮੱਗਰੀ ਸਿੱਖਣ ਦੀ ਨਿਪੁੰਨਤਾ ਮਾਪਦੇ ਹਨ। ਇਨ੍ਹਾਂ ਪ੍ਰੀਖਣਾਂ ਨੂੰ ਵੱਖ-ਵੱਖ ਮੰਤਵਾਂ ਲਈ ਵਰਤਿਆ ਜਾ ਸਕਦਾ ਹੈ ਜਿਵੇਂ ਵਿਦਿਆਰਥੀਆਂ ਨੂੰ ਪਿਛਲੇ ਪਾਠਕ੍ਰਮ ਦੀ ਜਾਣਕਾਰੀ ਦਾ ਲਾਭ, ਪਾਠ-ਕ੍ਰਮ ਵਿਚ ਪ੍ਰਾਪਤ ਕੀਤੀ ਖਾਸ ਮੁਹਾਰਤ ਦਾ ਪਤਾ ਲਗਾਉਣਾ, ਵਿਦਿਆਰਥੀਆਂ ਨੂੰ ਸਿੱਖਿਆ ਪ੍ਰਾਪਤੀ ਵਿਚ ਆਉਂਦੀਆਂ ਖਾਸ ਮੁਸ਼ਕਿਲਾਂ, ਵਿਦਿਆਰਥੀਆਂ ਦੀ ਪਾਠ-ਕ੍ਰਮ ਦੇ ਮੰਤਵਾਂ ਵਿਚ ਨਿਪੁੰਨਤਾ ਦਾ ਮੁਲਾਂਕਣ, ਵਿਸ਼ੇ ਸਮੱਗਰੀ ਦੀ ਕਿਸੇ ਇਕਾਈ ਵਿਚ ਵਿਦਿਆਰਥੀ ਦੀ ਕਾਮਯਾਬੀ ਦੀ ਪੱਧਰ ਦਾ ਮੁਲਾਂਕਣ, ਵਿਦਿਆਰਥੀ ਦੀ ਪ੍ਰਗਤੀ ਤੋਂ ਪ੍ਰਾਪਤ ਸਿੱਟੇ ਜੋ ਕਿ ਪੜ੍ਹਣ-ਪੜ੍ਹਾਉਣ ਵਿਚ ਸਹਾਈ ਹੋਣ। ਵਿਦਿਆਰਥੀ ਨੂੰ ਸਿੱਖਿਆ ਵਿਚ ਆਉਂਦੀਆਂ ਔਕੜਾਂ ਦੀ ਪਹਿਚਾਣ, ਕੀ ਇਹ ਔਕੜਾਂ ਵਾਰ-ਵਾਰ ਆਉਂਦੀਆਂ ਹਨ ਜਾਂ ਲਗਾਤਾਰ ਬਣੀਆਂ ਹੀ ਰਹਿੰਦੀਆਂ ਹਨ। ਵਿਦਿਆਰਥੀਆਂ ਦੀ ਦਰਜਾਬੰਦੀ ਕਰਨੀ, ਅਜਿਹੇ ਟੈਸਟ ਜ਼ਿਆਦਾ ਵਿਆਪਕ ਹੁੰਦੇ ਹਨ ਅਤੇ ਇਨ੍ਹਾਂ ਦੀ ਮੁਸ਼ਕਲ ਦਾ ਪੱਧਰ ਵੰਡਣਾ ਹੁੰਦਾ ਹੈ। ਅਜਿਹੇ ਟੈਸਟ ਵੱਖ-ਵੱਖ ਰੂਪਾਂ ਵਿਚ ਤਿਆਰ ਕੀਤੇ ਜਾ ਸਕਦੇ ਹਨ ਜਿਵੇਂ :

(i) ਵਿਅਕਤੀਮੁਖੀ **(Subjective)** ਟੈਸਟ (ਵੱਡੇ ਉੱਤਰਾਂ ਵਾਲੇ)।

(ii) ਵਾਸਤਵਿਕਮੁਖੀ ਉਦੇਸ਼ਮੁਖੀ **(Objective)** ਟੈਸਟ (ਛੋਟੇ ਉੱਤਰਾਂ ਵਾਲੇ) ਅਲੱਗ-ਅਲੱਗ ਪ੍ਰੀਖਣਾਂ ਦੇ ਆਪਣੇ-ਆਪਣੇ ਨਫੇ-ਨੁਕਸਾਨ ਹਨ।

**Subjective test** ਵਿਚ ਅਸੀਂ ਪ੍ਰਸਤਾਵੀ ਕਿਸਮ ਦੇ ਪ੍ਰੀਖਣਾਂ ਤੇ ਵਿਚਾਰ ਕਰਾਂਗੇ।

## 1.4.4 ਵੱਡੇ ਉੱਤਰਾਂ ਵਾਲੇ ਪ੍ਰੀਖਣ (Essay type tests) :

ਪ੍ਰੰਪਰਾਵਾਦੀ ਟੈਸਟਾਂ ਵਿਚ ਪ੍ਰਸਤਾਵੀ ਕਿਸਮ ਦੇ ਟੈਸਟ ਆਉਂਦੇ ਹਨ। ਇਸ ਵਿਚ ਪ੍ਰਸ਼ਨਾਂ ਦੇ ਲੰਬੇ ਉੱਤਰ ਲਿਖਣੇ ਹੁੰਦੇ ਹਨ। ਪੁੱਛੇ ਗਏ ਪ੍ਰਸ਼ਨ ਨੂੰ ਵਿਸਤਾਰਪੂਰਵਕ ਲਿਖਣਾ ਹੁੰਦਾ ਹੈ। ਸਾਰੇ ਵਿਸ਼ੇ ਵਿਚੋਂ ਕੇਵਲ ਪੰਜ ਸਵਾਲਾਂ ਦੇ ਉੱਤਰ ਹੀ ਲਿਖਣੇ ਹੁੰਦੇ ਹਨ। ਅਜਿਹੇ ਪ੍ਰੀਖਣਾਂ ਨੂੰ ਪ੍ਰਸਤਾਵੀ ਪ੍ਰੀਖਣ ਆਖਦੇ ਹਨ। ਇਹ ਵਿਦਿਆਰਥੀਆਂ ਦੀ ਕਿਸੇ ਖਾਸ ਮੁਹਾਰਤ ਦੇ ਪੱਧਰ ਨੂੰ ਦਰਸਾਉਂਦੇ ਹਨ। ਅਜਿਹੇ ਟੈਸਟ ਸ਼੍ਰੇਣੀ ਵਿਚ ਵਿਦਿਆਰਥੀਆਂ ਨੂੰ ਆ ਰਹੀਆਂ ਔਕੜਾਂ ਤੋਂ ਜਾਣੂੰ ਕਰਵਾਉਂਦੇ ਹਨ। ਅਜਿਹੇ ਟੈਸਟ ਪੜ੍ਹਾਉਣ ਦੀ ਪਹੁੰਚ ਅਤੇ ਤਰੀਕੇ ਦਾ ਮੁਲਾਂਕਣ ਕਰਵਾਉਂਦੇ ਹਨ।

### 1.4.4.1 ਵੱਡੇ ਉੱਤਰਾਂ ਵਾਲੇ ਜਾਂ ਪ੍ਰਸਤਾਵੀ ਕਿਸਮ ਦੇ ਜਾਂ ਲੇਖਾਂ ਵਰਗੇ ਉੱਤਰਾਂ ਵਾਲੇ ਪ੍ਰੀਖਣਾਂ ਦੇ ਫਾਇਦੇ :

(i) ਬਣਾਉਣੇ ਅਤੇ ਲਾਗੂ ਕਰਨੇ ਅਸਾਨ ਹਨ।

(ii) ਵਿਚਾਰਾਂ ਦੇ ਪ੍ਰਗਟਾਵੇ ਦਾ ਮੁਲਾਂਕਣ ਹੁੰਦਾ ਹੈ।

(iii) ਸਿੱਖਿਆ ਦੇ ਸਾਰੇ ਵਿਸ਼ਿਆਂ ਦਾ ਮੁਲਾਂਕਣ ਕਰ ਸਕਦੇ ਹਨ।

(iv) ਤਰਕਸ਼ੀਲ ਸੋਚ ਅਤੇ ਅਲੋਚਨਾਤਮਕ ਪੱਖ ਪਰਖੇ ਜਾ ਸਕਦੇ ਹਨ।

(v) ਪ੍ਰੀਖਣ ਵਿਦਿਆਰਥੀਆਂ ਨੂੰ ਵਿਸ਼ੇ ਸਮੱਗਰੀ ਦਾ ਨਿਚੜ ਲਿਖਣ, ਰੂਪ-ਰੇਖਾ ਲਿਖਣ ਅਤੇ ਦਲੀਲਾਂ ਦੀ ਪੇਸ਼ਕਾਰੀ ਵਿਚ ਸਹਾਈ ਹੁੰਦੇ ਹਨ।

(vi) ਵਿਦਿਆਰਥੀ ਆਪਣੀ ਅਗਵਾਈ, ਸ਼ਕਤੀ ਅਤੇ ਕਲਪਨਾ ਸ਼ਕਤੀ ਦਾ ਪ੍ਰਗਟਾਵਾ ਕਰ ਸਕਦੇ ਹਨ।

### 1.4.4.2 ਹਾਨੀਆਂ :

(i) ਅਜਿਹੇ ਟੈਸਟਾਂ ਵਿਚ ਵਿਦਿਆਰਥੀ ਘੋਟਾ ਲਗਾ ਕੇ ਚੋਣਵੀਂ ਪੜ੍ਹਾਈ ਅਪਨਾਉਂਦੇ ਹਨ।

(ii) ਮੁਲਾਂਕਣ ਸਮੇਂ ਮੁਲਾਂਕਣਕਾਰ ਮੁਲਾਂਕਣ ਨੂੰ ਪ੍ਰਭਾਵਿਤ ਕਰਦਾ ਹੈ।

(iii) ਅਜਿਹੇ ਟੈਸਟ ਵਿਆਪਕ ਨਹੀਂ ਹਨ।

(iv) ਨਿੱਜੀ ਦਵੇਸ ਤੋਂ ਮੁਕਤ ਨਹੀਂ ਹਨ।

(v) ਧੋਖੇ (ਨਕਲ ਵਗੈਰਾ) ਦੀ ਗੁੰਜਾਇਸ਼ ਰਹਿੰਦੀ ਹੈ।

(vi) ਵਧੀਆ ਲੇਖਣ, ਚੰਗੀ ਲਿਖਾਈ ਤੇ ਲੰਬੇ ਉਤਰ ਮੁਲਾਂਕਣ ਨੂੰ ਪ੍ਰਭਾਵਿਤ ਕਰਦੇ ਹਨ।

(vii) ਜ਼ਿਆਦਾ ਮੇਹਨਤ ਅਤੇ ਜ਼ਿਆਦਾ ਸਮਾਂ ਮੰਗਦੇ ਹਨ।

(viii) ਇਕ ਯੋਗ ਅਧਿਆਪਕ ਹੀ ਇਨ੍ਹਾਂ ਦਾ ਮੁਲਾਂਕਣ ਕਰ ਸਕਦਾ ਹੈ।

ਇਸ ਤਰ੍ਹਾਂ ਇਹ ਟੈਸਟ ਜ਼ਿਆਦਾ ਵਿਆਪਕ ਨਹੀਂ ਅਤੇ ਅਜਿਹੇ ਟੈਸਟਾਂ ਦੀ ਕਾਰਗੁਜਾਰੀ, ਮੁਲਾਂਕਣ ਅਤੇ ਅਨੁਮਾਨ ਚੰਗੇ ਨਹੀਂ ਹਨ।

### 1.4.4.3 ਪ੍ਰਸਤਾਵੀ ਇਮਤਿਹਾਨਾਂ ਨੂੰ ਸੁਧਾਰਨ ਲਈ ਸੁਝਾਅ :

ਪ੍ਰਸਤਾਵੀ ਪ੍ਰੀਖਣ ਨੂੰ ਹੇਠਾਂ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖ ਕੇ ਸੁਧਾਰਿਆ ਜਾ ਸਕਦਾ ਹੈ :

(i) ਪ੍ਰੀਖਣ ਦਾ ਮੰਤਵ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਵਲੋਂ ਸਮਝਿਆ ਜਾਣਾ ਚਾਹੀਦਾ ਹੈ।

(ii) ਪ੍ਰੀਖਣ ਦਾ ਵਿਸ਼ਾ ਇਸ ਦੇ ਮੰਤਵ ਵਲੋਂ ਨਿਯਮਿਤ ਹੋਣਾ ਚਾਹੀਦਾ ਹੈ।

(iii) ਯੋਗ ਵੱਡੇ ਉੱਤਰਾਂ ਵਾਲੇ ਪ੍ਰੀਖਣ ਦੀ ਤਿਆਰੀ ਅਤੇ ਚੋਣ ਵਿਚ ਉਨ੍ਹਾਂ ਸਮਾਂ ਲੱਗਣਾ ਚਾਹੀਦਾ ਹੈ ਜਿੰਨ੍ਹਾਂ ਸਮਾਂ ਉੱਤਰ ਕੱਢਣ ਵਿਚ ਲਗਦਾ ਹੈ।

(iv) ਉੱਤਰ ਮਿਲਦਾ-ਜੁਲਦਾ ਹੋਣਾ ਚਾਹੀਦਾ ਹੈ ਅਤੇ ਛੋਟੇ ਜਵਾਬ ਦੀ ਮੰਗ ਹੋਣੀ ਚਾਹੀਦੀ ਹੈ।

(v) ਵੱਡੇ ਉੱਤਰਾਂ ਵਾਲੇ ਪ੍ਰੀਖਣਾਂ ਨੂੰ ਉਚਿਤ ਸਮਾਂ ਅਤੇ ਸੋਚ ਦੇਣੀ ਚਾਹੀਦੀ ਹੈ।

(vi) ਉਹ ਸ਼ਬਦ ਵਰਤੋਂ ਜਿਹੜੇ ਆਪ ਸੇਧ ਦੇਣ, ਉਦਾਹਰਣ ਦੇ ਤੌਰ ਤੇ, ਵਿਆਖਿਆ ਕਰ, ਸਪੱਸ਼ਟ ਕਰ, ਸੰਖੇਪ ਵਿਚ ਬਿਆਨ ਕਰ, ਚੁਣ ਕਰ, ਵਰਗੀਕਰਣ ਕਰਨਾ ਸਾਰਾਂਸ਼ ਵਗੈਰਾ, ਬਜਾਏ ਇਸਦੇ ਕਿ ਵਿਚਾਰ ਵਿਮਰਸ਼ ਕਰ, ਟੀਕਾ ਟਿੱਪਣੀ (ਪੜਚੋਲ) ਕਰ ਵਿਸਥਾਰ ਕਰੋ ਵਗੈਰਾ-ਵਗੈਰਾ।

(vii) ਵਿਦਿਆਰਥੀਆਂ ਨੂੰ ਉਚਿਤ ਜਵਾਬ ਦੇਣ ਲਈ ਵਿਸ਼ੇਸ਼ ਹਦਾਇਤਾਂ ਦਿਉ।

(viii) ਪ੍ਰਸਤਾਵੀ ਪ੍ਰੀਖਣ ਵਿਚ ਚੋਣਵੇਂ ਪ੍ਰਸ਼ਨ ਨਾ ਪਾਓ ਕਿਉਂਕਿ ਬਰਾਬਰ ਔਖਿਆਈ ਵਾਲੇ ਪ੍ਰਸ਼ਨ ਬਣਾਉਣੇ ਔਖੇ ਹਨ।

(ix) ਪ੍ਰਸਤਾਵੀ ਪ੍ਰੀਖਣ ਅਜਿਹੇ ਸ਼ਬਦਾਂ ਨਾਲ ਨਾ ਸ਼ੁਰੂ ਕਰ, ਸਾਰਨੀ ਮੁਤਾਬਕ, ਕੌਣ, ਕੀ, ਦੋਹਾਂ ਵਿਚ ਕੋਈ ਵੀ, ਜੇ ਇਹ ਹੋਵੇ, ਇਹ ਛੋਟੇ ਉੱਤਰਾਂ ਵਾਲੇ ਪ੍ਰਸ਼ਨਾਂ ਵਿਚ ਆਉਂਦੇ ਹਨ।

(x) ਪ੍ਰਸ਼ਨ ਇਕਦਮ ਸਾਫ ਅਤੇ ਸਪੱਸ਼ਟ ਵਾਕ ਰਚਨਾ ਵਿਚ ਹੋਣੇ ਚਾਹੀਦੇ ਹਨ।

(xi) ਇਹ ਗਤੀ ਨਾਲੋਂ ਬਲ ਪ੍ਰੀਖਣ ਹੋਣਾ ਚਾਹੀਦਾ ਹੈ।

(xii) ਪ੍ਰਸ਼ਨ ਵਰਗੀਕਰਣ ਸਧਾਰਨ ਤੋਂ ਗੁੰਝਲਦਾਰ ਹੋਣਾ ਚਾਹੀਦਾ ਹੈ।

(xiii) ਪ੍ਰਸਤਾਵੀ ਪ੍ਰੀਖਣਾਂ ਵਿਚ ਕੀਮਤ-ਬਿੰਦੂ ਅਤੇ ਅੰਕਣ ਸਕੀਮ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

### 1.4.5 ਛੋਟੇ ਉੱਤਰਾਂ ਵਾਲੇ ਪ੍ਰੀਖਣ (Short Answer type tests) :

ਆਧੁਨਿਕ ਰੁਝਾਨ ਹੈ ਕਿ ਪ੍ਰਸ਼ਨ-ਪੱਤਰ ਵਿਚ ਉਨ੍ਹਾਂ ਦੀ ਵਿਸ਼ਵਾਸ ਯੋਗਤਾ, ਵੈਧਤਾ, ਨਮੂਨੇ ਲੈਣ ਦੀ ਯੋਗਤਾ ਵਧਾਉਣ ਲਈ ਛੋਟੇ ਉੱਤਰਾਂ ਵਾਲੇ ਜ਼ਿਆਦਾ ਪ੍ਰਸ਼ਨ ਸ਼ਾਮਲ ਕੀਤੇ ਜਾਣ। ਛੋਟੇ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਸਹੀ ਹੋਣੇ ਚਾਹੀਦੇ ਹਨ, ਭਾਵੇਂ ਕਈ ਕਿਸਮਾਂ ਦੇ ਹੁੰਦੇ ਹਨ, ਇਨ੍ਹਾਂ ਦੇ ਹੇਠ ਲਿਖੇ ਵਿਸ਼ੇਸ਼ ਲੱਛਣ (ਗੁਣ) ਹਨ :

(i) ਇਨ੍ਹਾਂ ਵਿਚ ਆਮ ਤੌਰ ਤੇ ਪੜ੍ਹਣ ਅਤੇ ਉੱਤਰ ਦੇਣ ਵਿਚ ਪੰਜ ਮਿੰਟ ਲਗਦੇ ਹਨ ਅਤੇ ਕਈਆਂ ਲਈ ਇਕ ਮਿੰਟ ਤੋਂ ਵੀ ਘੱਟ ਸਮਾਂ ਲਗਦਾ ਹੈ।

(ii) ਛੋਟੇ ਉੱਤਰਾਂ ਵਿਚ ਬਹੁਤ ਵੱਡਾ ਵਿਸ਼ਾ-ਵਸਤੂ ਦਾ ਨਮੂਨਾ ਹੁੰਦਾ ਹੈ।

(iii) ਇਨ੍ਹਾਂ ਵਿਚ ਅੰਕਣ ਵਿਚ ਜ਼ਿਆਦਾ ਯਥਾਰਥਕਤਾ ਹੁੰਦੀ ਹੈ।

(iv) ਇਹ ਵੱਡੇ ਉੱਤਰਾਂ ਵਾਲੇ ਪ੍ਰਸ਼ਨਾਂ ਨਾਲੋਂ ਜ਼ਿਆਦਾ ਭਰੋਸੇਯੋਗ ਤੇ ਜਾਇਜ਼ ਹੁੰਦੇ ਹਨ।

(v) ਉੱਤਰ ਵਿਦਿਆਰਥੀਆਂ ਵਲੋਂ ਦਿੱਤੇ ਜਾਂਦੇ ਹਨ ਨਾ ਕਿ ਮਿੱਥੇ ਹੋਏ ਪ੍ਰਸ਼ਨਾਂ ਦੀ ਤਰ੍ਹਾਂ ਪਹਿਲਾਂ ਹੀ ਚੋਣ ਕੀਤੀ ਹੁੰਦੀ ਹੈ।

(vi) ਇਸ ਵਿਚ ਉੱਤਰ ਦੀ ਲੰਬਾਈ ਅਤੇ ਗੁੰਜਾਇਸ਼ ਸੁਨਿਸ਼ਚਿਤ ਅਤੇ ਵਿਸ਼ੇਸ਼ ਹਨ। ਇਨ੍ਹਾਂ ਨੂੰ ਦੋ ਵਿਸ਼ਾਲ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

(a) ਵਿਸਤਰਿਤ ਉੱਤਰ ਵਾਲੇ।

(b) ਸੰਮਿਲਿਤ ਅਤੇ ਪੂਰਣਤਾ ਵਾਲੇ।

**1.4.5.1 ਵਿਸਤਰਿਤ ਉੱਤਰ ਵਾਲੇ** : ਵਿਸਤਰਿਤ ਉੱਤਰ ਵਾਲੇ ਅਨੁਵਾਦ ਵਿਚ ਵਿਦਿਆਰਥੀਆਂ ਨੂੰ ਉਹ ਪ੍ਰਸ਼ਨ ਸੰਖੇਪ ਵਰਨਣ ਵਿਚ ਕਰਨੇ ਹੁੰਦੇ ਹਨ ਅਤੇ ਨਕਸ਼ਾ ਬਣਾਉਣਾ ਹੁੰਦਾ ਹੈ, ਸਾਰਣੀ ਬਣਾਉਣੀ ਹੁੰਦੀ ਹੈ, ਗਿਣਤੀ ਕਰਨੀ ਹੁੰਦੀ ਹੈ, ਵਾਕਾਂ ਦਾ ਅਨੁਵਾਦ ਕਰਨਾ ਹੁੰਦਾ ਹੈ, ਪਰਿਭਾਸ਼ਾ ਜਾਂ ਫਾਰਮੂਲਾ ਆਦਿ ਲਿਖਣੇ ਹੁੰਦੇ ਹਨ। ਇਹ ਆਮ ਤੌਰ ਤੇ ਸਕੂਲਾਂ ਅਤੇ ਬੋਰਡਾਂ ਵਲੋਂ ਵਰਤੇ ਜਾਣ ਵਾਲੇ ਪ੍ਰਸ਼ਨ ਹੁੰਦੇ ਹਨ। ਇਹ ਧੋਖੇ ਭਰੇ ਢੰਗ ਨਾਲ ਸੌਖੇ ਸੈਟ ਕਰਨੇ ਅਤੇ ਆਮ ਤੌਰ ਤੇ ਗਤੀ ਦਾ ਦਰਜਾ ਅਤੇ ਦ੍ਰਿੜ੍ਹਤਾ ਨੂੰ ਧਿਆਨ ਨਹੀਂ ਦਿੱਤਾ ਜਾ ਸਕਦਾ।

**1.4.5.2 ਸੰਮਿਲਿਤ ਅਤੇ ਪੂਰਣਤਾ ਵਾਲੇ** : ਆਮ ਤੌਰ ਤੇ ਪੂਰਣਤਾ ਵਾਲੇ ਪ੍ਰਸ਼ਨ ਉਹ ਹਨ ਜਿੱਥੇ ਵਿਦਿਆਰਥੀਆਂ ਨੂੰ ਇਕ ਜਾਂ ਦੋ ਸ਼ਬਦਾਂ ਦੀ ਲੋੜ ਹੁੰਦੀ ਹੈ। ਅਧੂਰੇ ਕਥਨ ਨੂੰ ਪੂਰਾ ਕਰਨ ਲਈ। ਜਿਹੜੇ ਅਧੂਰੇ ਸ਼ਬਦ ਕਥਨ ਵਿਚ ਪੂਰੇ ਕਰਨੇ ਹੁੰਦੇ ਹਨ ਉਨ੍ਹਾਂ ਨੂੰ ਆਮ ਤੌਰ ਤੇ ਸੰਮਿਲਿਤ ਪ੍ਰਸ਼ਨ ਕਹਿੰਦੇ ਹਨ। ਪੂਰਣਤਾ ਵਾਲੇ ਉਹ ਹਨ ਜਿੱਥੇ ਕਥਨ ਦੇ ਅਖੀਰ ਵਿਚ ਸ਼ਬਦਾਂ ਦੀ ਜ਼ਰੂਰਤ ਹੁੰਦੀ ਹੈ। ਸੰਮਿਲਿਤ ਜਾਂ ਪੂਰਣਤਾ ਵਾਲੇ ਪ੍ਰਸ਼ਨ ਦਾ ਪ੍ਰਯੋਗ ਕਥਨ ਲਿਖਣ ਲਈ ਸੀਮਤ ਨਹੀਂ ਹੈ ਅਤੇ ਅਧੂਰੇ ਨਕਸ਼ੇ, ਡਰਾਇੰਗ, ਡਾਇਆਗ੍ਰਾਮ, ਫਾਰਮੂਲੇ, ਗਣਿਤ ਅਤੇ ਹੋਰ ਅਧਾਰਾਂ ਤੇ ਬਹੁਤ ਵਧੀਆ ਪ੍ਰਸ਼ਨ ਬਣਾਉਣ ਲਈ ਵਰਤੇ ਜਾ ਸਕਦੇ ਹਨ।

**1.4.5.3 ਲਾਭ :**

(i) ਅੰਕਣ ਦੀ ਯਥਾਰਥਕਤਾ ਜ਼ਿਆਦਾ ਯਕੀਨੀ ਹੋਵੇਗੀ।

(ii) ਲੰਬੇ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਮੁਕਾਬਲੇ ਪ੍ਰਸ਼ਨ ਬਣਾਉਣ ਵਾਲਾ ਉਸ ਸਮੇਂ ਵਿਚ ਜ਼ਿਆਦਾ ਪ੍ਰਸ਼ਨ ਪੁੱਛ ਸਕਦਾ ਹੈ।

(iii) ਇਹ ਵੱਡੇ ਉੱਤਰਾਂ ਵਾਲੇ ਪ੍ਰਸ਼ਨਾਂ ਨਾਲੋਂ ਜ਼ਿਆਦਾ ਭਰੋਸੇਯੋਗ ਹਨ।

(iv) ਵਿਦਿਆਰਥੀਆਂ ਵਲੋਂ ਅਨੁਮਾਨ ਲਗਾਉਣ ਦਾ ਘੱਟ ਮੌਕਾ ਹੁੰਦਾ ਹੈ।

(v) ਤਿਆਰੀ ਅਤੇ ਪ੍ਰਬੰਧ ਕਰਨਾ ਸੌਖਾ ਹੈ।

(vi) ਇਹ ਵੱਡੇ ਉੱਤਰਾਂ ਵਾਲੇ ਅਤੇ ਛੋਟੇ ਉੱਤਰਾਂ ਵਾਲੇ ਵਿਚ ਸਮਾਧਾਨ ਹੈ।

**1.4.5.4 ਹਾਨੀਆਂ :**

ਲਿਖਾਈ, ਭਾਸ਼ਾ, ਪ੍ਰਗਟਾਓ, ਉੱਤਰ ਦੇ ਪ੍ਰਬੰਧ ਦਾ ਤਰੀਕਾ ਅੰਕਣ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਲਈ ਵੱਡੇ ਉੱਤਰਾਂ ਵਾਲੇ ਪ੍ਰੀਖਣ ਦੇ ਮੁਕਾਬਲੇ ਛੋਟੇ ਉੱਤਰਾਂ ਵਾਲੇ ਪ੍ਰੀਖਣ ਨੂੰ ਤਰਜੀਹ ਦਿੱਤੀ ਜਾਂਦੀ ਹੈ।

## 1.4.6 ਛੋਟੇ ਉੱਤਰਾਂ ਵਾਲੇ ਪ੍ਰੀਖਣ ( Objective type test) :

ਛੋਟੇ ਉੱਤਰਾਂ ਵਾਲੇ ਪ੍ਰਸ਼ਨ ਉਹ ਹਨ ਜਿਹੜੇ ਵੱਡੇ ਉੱਤਰਾਂ ਵਾਲੇ ਪ੍ਰੀਖਣ ਤੋਂ ਬਿਨਾਂ ਹੁੰਦੇ ਹਨ ਭਾਵੇ ਉਹ ਪ੍ਰਸ਼ਨ ਬਣਾਉਣ ਵਾਲਾ ਹੋਵੇ ਜਾਂ ਅੰਕ ਲਗਾਉਣ ਵਾਲਾ ਹੋਵੇ। ਇਹ ਕਿਸੇ ਵੀ ਲਿਖਤੀ ਪ੍ਰੀਖਿਆ ਨਾਲ ਜੋੜਿਆ ਜਾ ਸਕਦਾ ਹੈ। ਜਿਹੜਾ ਪ੍ਰੀਖਿਅਕ ਵਲੋਂ ਇਕ ਜਾਂ ਇਸ ਤੋਂ ਵੱਧ ਵਿਕਲਪਾਂ ਵਿਚੋਂ ਸਹੀ ਉੱਤਰ ਦੀ ਚੋਣ ਕਰਨ ਦੀ ਲੋੜ ਹੋਵੇ ਜਾਂ ਇਕ ਜਾਂ ਦੋ ਸ਼ਬਦ ਦਿੱਤੇ ਹੋਣ ਜਿਸ ਵਿਚ ਯਥਾਰਥਕ ਫੈਸਲੇ ਦੀ ਲੋੜ ਹੋਵੇ। ਛੋਟੇ ਉੱਤਰਾਂ ਵਾਲੇ ਪ੍ਰੀਖਣਾਂ ਦੇ ਦੋ ਗੁਣ ਹਨ : (1) ਇਹ ਖ਼ਾਸ ਸਹੀ ਅਤੇ ਬਿਲਕੁੱਲ ਸਾਫ, ਜਿਸ ਤੋਂ ਇਕ ਪੱਕੇ ਜਵਾਬ ਦੀ ਆਸ ਕੀਤੀ ਜਾਂਦੀ ਹੈ। (2) ਅੰਕਣ ਵਿਚ ਸਹੀ ਯਥਾਰਥਕਤਾ ਯਕੀਨੀ ਬਣਾਈ ਜਾਂਦੀ ਹੈ। ਅੰਕਣ ਇਕ ਪ੍ਰੀਖਿਅਕ ਤੋਂ ਦੂਸਰੇ ਪ੍ਰੀਖਿਅਕ ਤੱਕ ਬਦਲੇਗਾ ਨਹੀਂ।

ਅਲੱਗ-ਅਲੱਗ ਛੋਟੇ ਉੱਤਰਾਂ ਵਾਲੇ ਪ੍ਰਸ਼ਨਾਂ ਦਾ ਹੇਠ ਲਿਖੇ ਅਨੁਸਾਰ ਵਰਗੀਕਰਣ ਕੀਤਾ ਜਾਂਦਾ ਹੈ।

**ਮਦ ਕਿਸਮਾਂ**

**(1) Recall Type (ਪੁਨਰ ਸਿਮਰਣ ਕਿਸਮ)**

**(2) Recognition type (ਸਨਾਖਤੀ ਮੱਦ ਕਿਸਮ)**

| | |
|---|---|
| 1.1 ਸਧਾਰਨ ਪੁਨਰ ਸਿਮਰਣ | 2.1 ਵਿਕਲਪਤ ਉਤਰ ਕਿਸਮ ਜਾਂ ਸਹੀ/ਗਲਤ **(Alternative reponse typed)** |
| 1.2 ਪੂਰਣਤਾ ਕਿਸਮ ਜਾਂ ਛੋਟੇ ਉੱਤਰਾਂ ਵਾਲੇ ਕਿਸਮ | 2.2 ਬਹੁਤ-ਚੋਣ ਕਿਸਮ **(Multiple Choice typed)** |
| | 2.3 ਮਿਲਾਨ ਕਿਸਮ **(Matching)** |
| | 2.4 ਵਰਗੀਕਰਣ ਕਿਸਮ **(Classification)** |
| | 2.5 ਅਨੁਰੂਪਤਾ ਕਿਸਮ **(Analogy)** |
| | 2.6 ਤਰਤੀਬ ਕਿਸਮ **(Arrangement type)** |
| | 2.7 ਲੜੀਆਂ ਦੀ ਗਿਣਤੀ **(Number of series)** |
| | 2.8 ਪ੍ਰਤਿਸਥਾਪਨ ਕਿਸਮ **(Substitution)** |

### 4.6.1 ਪੁਨਰ ਸਿਮਰਣ ਕਿਸਮ (Recall type) :

ਪੁਨਰ ਸਿਮਰਣ ਕਿਸਮ ਵਿਚ ਵਿਦਿਆਰਥੀ ਆਪਣਾ ਜਵਾਬ ਸਿੱਧਾ ਦਿੰਦਾ ਹੈ। ਕਈ ਵਾਰ ਵਿਦਿਆਰਥੀ ਨੂੰ ਸਿਰਫ਼ ਇਕ ਸ਼ਬਦ ਵਿਚ ਸਿੱਧਾ ਪ੍ਰਸ਼ਨ ਦਾ ਉੱਤਰ ਪੁੱਛਿਆ ਜਾ ਸਕਦਾ ਹੈ ਜਾਂ ਖਾਸ ਸ਼ਬਦਾਂ ਦੇ ਵਰਗ ਵਿਚ ਪੁੱਛਿਆ ਜਾ ਸਕਦਾ ਹੈ। ਇਸ ਨੂੰ ਸਧਾਰਣ ਪੁਨਰ ਸਿਮਰਣ ਕਿਸਮ ਕਿਹਾ ਜਾਂਦਾ ਹੈ। ਕਈ ਵਾਰ ਵਿਦਿਆਰਥੀਆਂ ਤੋਂ ਇਕ ਜਾਂ ਬਹੁਤੇ ਸ਼ਬਦ ਜ਼ ਵਾਕ ਵਿਚ ਨਾਂ ਹੋਣ ਭਰਨ ਲਈ ਪੁੱਛਿਆ ਜਾ ਸਕਦਾ ਹੈ। ਇਸ ਨੂੰ ਪੂਰਣਤਾ ਕਿਸਮ ਕਹਿੰਦੇ ਹਨ। ਇਹੋ ਜਿਹੀਆਂ ਪ੍ਰੀਖਿਆਵਾਂ ਤਿਆਰ ਕਰਨ ਲਈ ਧਿਆਨ ਦੀ ਲੋੜ ਹੁੰਦੀ ਹੈ। ਖਾਲੀ ਥਾਵਾਂ ਉਹ ਹੋਣੀਆਂ ਚਾਹੀਦੀਆਂ ਹਨ ਜਿੱਥੇ ਸਿਰਫ਼ ਇਕ ਹੀ ਸ਼ਬਦ ਆ ਸਕੇ। ਕਈ ਵਾਰ ਛੱਡੇ ਹੋਏ ਸ਼ਬਦ ਦਾ ਪਹਿਲਾ ਅੱਖਰ ਦਿੱਤਾ ਜਾ ਸਕਦਾ ਹੈ।

### 4.6.2 ਗੁਣ :

(i) ਤੱਥਾਂ ਦੀ ਪ੍ਰਮਾਣਿਕਤਾ ਅਤੇ ਵਾਸਤਵਿਕਤਾ ਮਾਪੀ ਜਾ ਸਕਦੀ ਹੈ।
(ii) ਸਹੀ ਜਵਾਬ ਲਈ ਕਿਸੇ ਅਨੁਮਾਨ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ।
(iii) ਉਨ੍ਹਾਂ ਨੂੰ ਸਰੀਰਕ ਵਿਗਿਆਨ ਅਤੇ **(Maths)** ਦੇ ਅਸਲੀ ਗਿਆਨ ਦੀ ਬਹੁਤ ਮਹੱਤਤਾ ਹੁੰਦੀ ਹੈ।
(iv) ਇਨ੍ਹਾਂ ਨੂੰ ਖਾਸ ਜਵਾਬ ਦੀ ਲੋੜ ਹੁੰਦੀ ਹੈ।
(v) ਇਸ ਵਿਚ ਤੁਲਨਾਤਮਕ ਵਾਕ ਰਚਨਾ ਜ਼ਿਆਦਾ ਆਸਾਨ ਹੁੰਦੀ ਹੈ।
(vi) ਵਿਦਿਆਰਥੀ ਆਮ ਤੋਰ ਤੇ ਪੁਨਰ ਸਿਮਰਣ **(Recall type)** ਦੇ ਜ਼ਿਆਦਾ ਜਾਣਕਾਰ ਹੁੰਦੇ ਹਨ ਇਸ ਲਈ ਉਹ ਇਸ ਨੂੰ ਯਾਦ ਰੱਖਣਾ ਆਸਾਨ ਸਮਝਦੇ ਹਨ।
(vii) ਪੁਨਰ ਸਿਮਰਣ ਕਿਸਮ ਨਾਲ ਭਰੋਸੇਯੋਗ, ਯੁਗ ਅਤੇ ਅਭਿਕ੍ਰਿਸ਼ਕ **(Objective)** ਪ੍ਰੀਖਿਆ ਤਿਆਰ ਹੁੰਦੀ ਹੈ।

### 4.6.3 ਔਗੁਣ :

(i) ਇਸ ਦੀ ਪ੍ਰਵਿਰਤੀ ਜ਼ਿਆਦਾ ਅਸਲ ਗਿਆਨ (ਤੱਥ ਭਰਪੂਰ ਗਿਆਨ) ਮਾਪਣਾ ਹੁੰਦਾ ਹੈ ਬਜਾਏ ਸਮਝ ਅਤੇ ਸੂਝ ਦੇ ਅਤੇ ਗਿਆਨ ਦੇ ਅੰਸ਼ਾਂ ਦਾ ਮੁਲਾਂਕਣ ਹੁੰਦਾ ਹੈ। ਜਵਾਬ ਦਾ ਦ੍ਰਿਸ਼ਟੀਕੋਣ ਪ੍ਰੀਖਿਅਕ ਦੀ ਯਾਦ ਸ਼ਕਤੀ ਤੇ ਨਿਰਭਰ ਕਰਦਾ ਹੈ।
(ii) ਸਧਾਰਣ ਕਿਸਮ (ਸਧਾਰਣ ਪੁਨਰ ਸਿਮਰਣ ਅਤੇ ਪੂਰਣਤਾ) ਨਾਲ ਪੂਰਨ ਗਿਆਨ ਨੂੰ ਮਾਪਣਾ ਮੁਸ਼ਕਿਲ ਹੁੰਦਾ ਹੈ।

### 4.6.4 ਸ਼ਨਾਖਤੀ ਮੱਦ (Recognition type) :

ਇਸ ਕਿਸਮ ਦੀ ਪ੍ਰੀਖਿਆ ਵਿਚ ਸਹੀ ਉੱਤਰ ਲਈ ਵਿਕਲਪ ਦਿੱਤੇ ਹੁੰਦੇ ਹਨ। ਪ੍ਰੀਖਿਆਰਥੀ ਨੂੰ

ਜਵਾਬ ਲਈ ਸਹੀ ਅਤੇ ਵਧੀਆ ਵਿਕਲਪ ਦੀ ਚੁਣ ਕਰਨੀ ਹੁੰਦੀ ਹੈ। ਉਧਰ ਬਹੁਤ ਸਾਰੇ ਸ਼ਨਾਖਤ ਮੱਦ ਦੀਆਂ ਕਿਸਮਾਂ ਦਿੱਤੀਆਂ ਗਈਆਂ ਹਨ।

**4.6.5 ਗੁਣ :**

(i) ਇਸ ਕਿਸਮ ਦੇ ਮੱਦ ਬਣਾਉਣੇ ਸੱਖੇ ਹੁੰਦੇ ਹਨ।

(ii) ਇਸਦੀ ਵਿਵਸਥਾ ਸੌਖੀ ਹੁੰਦੀ ਹੈ ਅਤੇ ਅਸਾਨੀ ਨਾਲ ਸਕੋਰ ਕੀਤਾ ਜਾ ਸਕਦਾ ਹੈ।

(iii) ਵਿਆਪਕ ਜਾਗਰੁਕਤਾ ਅਤੇ ਗਿਆਨ ਦੀ ਪਰਖ ਹੋ ਸਕਦੀ ਹੈ।

(iv) ਇਸ ਨਾਲ ਵਿਸ਼ਾ-ਵਸਤੂ ਅਤੇ ਧਾਰਣਾ ਦੀ ਜਾਣਕਾਰੀ ਮਾਪੀ ਜਾ ਸਕਦੀ ਹੈ।

**4.6.6 ਔਗੁਣ :**

(i) ਇਥੇ ਅਨੁਮਾਨ ਦੀ ਕਾਫੀ ਗੁੰਜਾਇਸ਼ ਹੈ।

(ii) ਵੱਡੀਆਂ ਧਾਰਣਾਵਾਂ ਨਾਲੋਂ ਗਿਆਨ ਅਤੇ ਸਮਝ ਅੰਸ਼ਾਂ ਵਿਚ ਪਰਖੀ ਜਾਂਦੀ ਹੈ।

## 4.7 ਪ੍ਰੀਖਿਆ ਬਣਾਉਣ ਦੀਆਂ ਮਦਾਂ (Steps of test Construction) :

ਪ੍ਰੀਖਿਆ ਤਰਤੀਬਵਾਰ ਤਰੀਕੇ ਨਾਲ ਤਿਆਰ ਕੀਤੀ ਜਾਂਦੀ ਹੈ, ਜਦ ਕਿ ਇਹ ਗੁੰਝਲਦਾਰ ਅਤੇ ਤਰਤੀਬਵਾਰ ਵਿਧੀ ਹੈ, ਇਸ ਵਿਚ ਉੱਚ ਦਰਜੇ ਦੀ ਤਕਨੀਕੀ ਗੁਣਵੱਤਾ ਚਾਹੀਦੀ ਹੈ ਅਤੇ ਵਿਸ਼ਾ-ਵਸਤੂ ਤੇ ਪੂਰੀ ਮੁਹਾਰਤ ਅਤੇ ਪ੍ਰਯੋਗਾਤਮਕ ਅਧਿਆਪਨ ਦੇ ਤਜਰਬੇ ਚਾਹੀਦੇ ਹਨ। ਜਦ ਕਿ ਪ੍ਰੀਖਿਆ ਬਣਾਉਣ ਵਾਲੇ ਵਿਚ ਇਹ ਤਿੰਨੋਂ ਗੁਣ ਬਹੁਤ ਘੱਟ ਮਿਲਦੇ ਹਨ। ਇਸ ਲਈ ਪ੍ਰੀਖਿਆ ਤਿਆਰ ਕਰਦੇ ਸਮੇਂ ਹਰ ਮਾਹਰਾਂ, ਪ੍ਰੀਖਿਆ ਤਕਨੀਕੀ ਮਾਹਰਾਂ ਅਤੇ ਅਧਿਆਪਕਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ। ਪ੍ਰੀਖਿਆ ਨੂੰ ਸੁਧਾਰਨ ਲਈ ਹੇਠ ਲਿਖੇ ਮੱਦਾਂ ਦਾ ਉਲੇਖ ਕਰਨਾ ਜ਼ਰੂਰੀ ਹੈ।

(i) ਪ੍ਰੀਖਣ ਦੀ ਯੋਜਨਾਬੰਦੀ।

(ii) ਪ੍ਰੀਖਣ ਬਣਾਉਣਾ।

(iii) ਵਰਤ ਕੇ ਵੇਖਣ ਯੋਗ ਪ੍ਰੀਖਿਆ।

**(a)** ਮੱਦ ਵਿਸ਼ਲੇਸ਼ਣ।

**(b)** ਅੰਤਮ ਖਰੜੇ ਦੀ ਤਿਆਰੀ।

**(c)** ਪ੍ਰੀਖਣ ਦਾ ਪ੍ਰਬੰਧ ਪ੍ਰਤੀਮਾਨ ਗਰੁੱਪ **(Norm group)** ਤੇ ਸਮਰੂਪ ਸ਼ਰਤਾਂ ਹੇਠਾਂ ਕਰਨਾ।

(iv) ਪ੍ਰੀਖਣ ਦਾ ਮੁਲਾਂਕਣ ਕਰਨਾ।

**(a)** ਸਕ੍ਰਰਿੰਗ ਕੀ **(key)** ਦੇ ਮੁਤਾਬਕ ਪ੍ਰੀਖਿਆ ਉੱਤਰਾਂ ਦਾ ਅੰਕਣ **(scoring)** ਕਰਨਾ।

**(b)** ਪ੍ਰਤਿਮਾਨ ਅਤੇ ਹੋਰ ਸੰਖਿਅਕੀ ਮਾਪ ਪ੍ਰਾਪਤ ਕਰਨਾ।

**(c)** ਪ੍ਰੀਖਣ ਦੀ ਗੁਣਵਤਾ ਦਾ ਮੁਲਾਂਕਣ ਕਰਨਾ (ਪ੍ਰੀਖਿਆ ਦੀ ਯੋਗਤਾ-ਭਰੋਸੇ ਯੋਗਤਾ, ਵਾਸਤਵਿਕਤਾ)

## 4.7.1 ਪ੍ਰੀਖਣ ਦੀ ਯੋਜਨਾਬੰਦੀ (Planning type test) :

ਯੋਜਨਾਬੰਦੀ ਬਣਾਉਣ ਦੀ ਹਰ ਸਟੇਜ ਤੇ ਪਹਿਲੀ ਕਾਰਵਾਈ ਹੁੰਦੀ ਹੈ। ਇਸ ਵਿਚ ਬਾਹਰੀ ਰੂਪ-ਰੇਖਾ ਦੀ ਤਿਆਰੀ ਜਾਂ ਸਾਰਣੀ ਜੋ ਵਿਸ਼ਾ-ਵਸਤੂ ਦੀ ਵਿਸ਼ੇਸ਼ਤਾ ਦੱਸਦਾ ਹੋਵੇ ਜਾਂ ਉਹ ਕਾਰਜ ਜੋ ਪ੍ਰੀਖਣ ਵਿਚ ਸੰਮਿਲਿਤ ਕੀਤੇ ਜਾਂਦੇ ਹਨ, ਹੀ ਸ਼ਾਮਲ ਨਹੀਂ ਹੈ ਪਰੰਤੂ ਇਸ ਵਿਚ ਮੱਦ ਦੀ ਧਿਆਨਯੋਗ ਚੋਕਸੀ, ਮੱਦ ਦੀ ਕਿਸਮ, ਪ੍ਰੀਖਿਅਕ ਨੂੰ ਦਿਸ਼ਾ-ਨਿਰਦੇਸ਼, ਪ੍ਰੀਖਣ ਬਣਾਉਣ ਦੀਆਂ ਮੁਸ਼ਕਿਲਾਂ, ਮਾਹਰਾਂ ਦੀ ਘੋਖ ਮੁਹੱਈਆ ਕਰਾਉਣੀ, ਲੋੜੀਂਦਾ ਸਾਜੋ-ਸਮਾਨ ਅਤੇ ਸਹੂਲਤਾਂ ਮੁਹੱਈਆ ਕਰਵਾਉਣੀਆਂ ਵੀ ਸ਼ਾਮਲ ਹਨ। ਇਸ ਵਿਚ ਹੇਠ ਲਿਖੀਆਂ ਕਿਰਿਆਵਾਂ ਵੀ ਸ਼ਾਮਲ ਹਨ :

(i) ਉਦੇਸ਼ ਨਿਯਤ ਕਰਨੇ।

(ii) ਅਲੱਗ-ਅਲੱਗ ਨਿਰਦੇਸ਼ਕ ਉਦੇਸ਼ਾਂ ਦੀ ਅਹਿਮੀਅਤ ਨਿਯਤ ਕਰਨੀ।

(iii) ਅਲੱਗ-ਅਲੱਗ ਵਿਸ਼ਾ-ਵਸਤੂ ਖੇਤਰਾਂ ਦੀ ਅਹਿਮੀਅਤ ਦਰਸਾਉਣੀ।

(iv) ਸ਼ਾਮਲ ਕੀਤੀਆਂ ਜਾਣ ਵਾਲੀਆਂ ਮੱਦ ਕਿਸਮਾਂ ਦਰਸਾਉਣੀਆਂ।
(v) ਵਿਸ਼ੇਸ਼ਗਤਾ ਦੀ ਸਾਰਣੀ ਤਿਆਰ ਕਰਨਾ।
(vi) ਤਕਨੀਕੀ ਮੁੱਦਿਆਂ ਜਿਵੇਂ ਕਿ ਸਮਾਂ ਅਵਧੀ, ਪ੍ਰੀਖਣ ਦਾ ਅਕਾਰ, ਕੁਲ ਅੰਕ, ਛਪਾਈ, ਅੱਖਰਾਂ ਦਾ ਅਕਾਰ ਆਦਿ ਪ੍ਰਤੀ ਫ਼ੈਸਲੇ ਲੈਣੇ।
(vii) ਪ੍ਰੀਖਣ ਦਾ ਅੰਕਣ ਅਤੇ ਉਸਦੀ ਪ੍ਰਬੰਧਕੀ ਵਿਧੀ ਲਈ ਦਿਸ਼ਾ-ਨਿਰਦੇਸ਼ ਦੇਣੇ।
(viii) ਪ੍ਰਸ਼ਨਾਂ ਦੀ ਮੁਸ਼ਕਲ ਦੇ ਪੱਧਰ ਦੀਆਂ ਅਲੱਗ-ਅਲੱਗ ਕਿਸਮਾਂ ਦੀ ਅਹਿਮੀਅਤ ਨਿਯਤ ਕਰਨੀ।

### 4.7.2 ਪ੍ਰੀਖਣ ਦੇ ਵਿਸ਼ਾ-ਵਸਤੂ ਦੀ ਬਾਹਰੀ ਰੂਪ-ਰੇਖਾ ਤਿਆਰ ਕਰਨੀ :

'ਸ਼ਬਦ' ਪ੍ਰੀਖਣ ਵਿਸ਼ਾ-ਵਸਤੂ ਵਿਆਪਕ ਰੂਪ ਵਿਚ ਦੋਨਾਂ ਹੀ, ਪ੍ਰੀਖਣ ਦਾ ਵਿਸ਼ਾ-ਵਸਤੂ ਜਾਂ ਵਿਅਕਤੀਗਤ ਪ੍ਰੀਖਣ ਮੱਦ ਅਤੇ ਯੋਗਤਾ ਦੀ ਕਿਸਮ ਜਿਸ ਦੀ ਲੜ ਪ੍ਰਤੀ ਸੋਚਿਆ ਜਾਂਦਾ ਹੈ, ਲਈ ਵਰਤਿਆ ਜਾਂਦਾ ਹੈ। ਕਈ ਵਾਰੀ ਪ੍ਰੀਖਣ ਵਿਸ਼ਾ-ਵਸਤੂ ਦੇ ਦੋਵੇਂ ਮੁੱਦੇ ਅਸਾਨੀ ਨਾਲ ਇਕੱਠੇ ਹੀ ਮੰਨੇ ਜਾਂਦੇ ਹਨ। ਪ੍ਰੀਖਣ ਦੇ ਵਿਸ਼ਾ-ਵਸਤੂ ਨੂੰ ਪਰਿਭਾਸ਼ਤ ਕਰਨ ਲਈ ਵੱਖ-ਵੱਖ ਤਰੀਕੇ ਹਨ :

(i) ਮਾਪਣ ਦੇ ਉਦੇਸ਼ਾਂ ਦਾ ਵਿਸ਼ਲੇਸ਼ਣ।
(ii) ਪਾਠ-ਪੁਸਤਕ ਅਤੇ ਪਾਠ-ਕ੍ਰਮ ਦਾ ਵਿਸ਼ਲੇਸ਼ਣ।
(iii) ਅਧਿਕਾਰੀਆਂ ਦੇ ਫ਼ੈਸਲਿਆਂ ਦਾ ਇਕੱਠ।
(iv) ਯੋਗ ਅਹਿਮੀਅਤ ਨਿਯਤ ਕਰਨੀ।
(v) ਪ੍ਰੀਖਣ ਦੀ ਲੰਬਾਈ ਨਿਯਤ ਕਰਨੀ।
(vi) ਵਰਤੋਂ ਯੋਗ ਜਾਨਣ ਲਈ ਤਿਆਰ ਕੀਤੀਆਂ ਜਾਣ ਵਾਲੀਆਂ ਮੱਦਾਂ ਦੀ ਗਿਣਤੀ ਨਿਯਤ ਕਰਨੀ।
(vii) ਪ੍ਰੀਖਣਾਂ ਲਈ ਸਮਾਂ ਸੀਮਾ ਨਿਯਤ ਕਰਨੀ।

ਪ੍ਰੀਖਣ ਵਿਚ ਮੱਦਾਂ ਦੀਆਂ ਕਿਸਮਾਂ ਸ਼ਾਮਲ ਕਰਨ ਲਈ ਫ਼ੈਸਲਾ ਕਰਨ ਵੇਲੇ ਹੇਠ ਲਿਖੀਆਂ ਗੱਲਾਂ ਧਿਆਨ ਵਿਚ ਰੱਖੀਆਂ ਜਾਣ।

(a) ਅੰਕਣ ਸਹੂਲਤਾਂ।
(b) ਪ੍ਰਬੰਧਕੀ ਸਹੂਲਤਾਂ।
(c) ਕਈ ਕਿਸਮ ਦੀਆਂ ਮੱਦਾਂ ਬਨਾਮ ਕੁਝ ਦੀ ਵਰਤੋਂ।
(d) **ਸਹੀ ਮੁਸ਼ਕਲ ਮੱਦ** : ਟੈਸਟ ਤਿਆਰ ਕਰਨ ਵਾਲੇ ਨੂੰ ਲੋੜੀਂਦੇ ਪੱਧਰ ਅਤੇ ਪ੍ਰੀਖਣ ਮੱਦਾਂ ਦੀ ਮੁਸ਼ਕਲ ਦੇ ਵਿਸਥਾਰ ਦਾ ਧਿਆਨ ਪੂਰਵਕ ਖਿਆਲ ਰੱਖਣਾ ਚਾਹੀਦਾ ਹੈ ਅਤੇ ਇਸ ਸਿਰਲੇਖ ਨੂੰ ਉਨ੍ਹਾਂ ਵਿਅਕਤੀਆਂ ਨਾਲ ਚਰਚਾ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਮੱਦਾਂ ਨੂੰ ਲਿਖਣਾ ਹੈ, ਉਸ ਨੂੰ ਖਿਆਲ ਰੱਖਣਾ ਚਾਹੀਦਾ ਹੈ ਕਿ :
(e) ਮੱਦਾਂ ਦੀ ਮੁਸ਼ਕਿਲ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ।
(f) ਵੱਖ-ਵੱਖ ਮੱਦਾਂ ਦੇ ਫ਼ੈਸਲਿਆਂ ਅਤੇ ਸੰਖਿਅਕੀ ਸੂਚਕਾਂਕ ਦੀ ਵਰਤੋਂ ਕਰਨੀ।

### 4.7.3 ਪ੍ਰੀਖਣ ਨੂੰ ਵਰਤ ਕੇ ਦੇਖਣਾ :

ਅਗਲਾ ਮਹੱਤਵਪੂਰਣ ਪ੍ਰੀਖਣ ਇਹ ਵਰਤ ਕੇ ਵੇਖਣ ਯੋਗ ਕਿਸਮ ਨੂੰ ਤਿਆਰ ਕਰਨਾ ਹੈ ਅਤੇ ਉਸ ਨਮੂਨੇ ਦੀ ਆਬਾਦੀ ਤੇ ਪ੍ਰੇਖਣ ਕਰਕੇ ਦੇਖਣਾ ਹੈ। ਵਰਤ ਕੇ ਵੇਖਣ ਯੋਗ ਕਿਸਮ ਬਣਾਉਣ ਦੇ ਮੰਤਵ ਹੈ :

(i) ਨੁਕਸ ਤੇ ਗਲਤ ਮੱਦਾਂ ਪਛਾਣਨਾ।
(ii) ਪ੍ਰੀਖਣ ਪ੍ਰਬੰਧ ਦੀ ਕਾਰਜ-ਵਿਧੀ ਵਿਚ ਕਮਜ਼ੋਰੀ ਨੂੰ ਲੱਭਣਾ।
(iii) ਬਹੁ-ਚੋਣ ਪ੍ਰੇਖਣ **(Multiple choice test)** ਦੇ ਕੇਸ ਵਿਚ ਕੰਮ ਨਾ ਕਰਨ ਵਾਲੇ ਜਾਂ ਨਾ ਮੰਨਣਯੋਗ ਬਿਰਤੀ-ਤੜਕਾਂ ਨੂੰ ਪਛਾਨਣਾ।
(iv) ਮੱਦਾਂ ਦੇ ਮੁਸ਼ਕਲ ਪੱਧਰ ਨੂੰ ਪਰਿਭਾਸ਼ਤ ਕਰਨ ਲਈ ਅੰਕੜੇ ਪ੍ਰਦਾਨ ਕਰਨਾ।

(v) ਮੱਦਾਂ ਦੀ ਭੇਦਭਾਵ ਕਰਨ ਵਾਲੀਆਂ ਕੀਮਤਾਂ ਨੂੰ ਪਰਿਭਾਸ਼ਤ ਕਰਨ ਲਈ ਅੰਕੜੇ ਪ੍ਰਦਾਨ ਕਰਨਾ।

(vi) ਪ੍ਰੀਖਣ ਦੀ ਅੰਤਿਮ ਕਿਸਮ ਵਿਚ ਮੱਦਾਂ ਦੀ ਗਿਣਤੀ ਨੂੰ ਸ਼ਾਮਲ ਕਰਨ ਲਈ ਪਛਾਣ ਕਰਨੀ।

(vii) ਅੰਤਿਕ ਕਿਸਮ ਲਈ ਸਮੇਂ ਦੀ ਹੱਦਬੰਦੀ ਕਰਨੀ।

### 4.7.4 ਮੱਦਾਂ ਦਾ ਵਿਸ਼ਲੇਸ਼ਣ :

ਪ੍ਰੀਖਣ ਨਾ ਤਾਂ ਬਹੁਤ ਆਸਾਨ ਹੋਣਾ ਚਾਹੀਦਾ ਹੈ ਅਤੇ ਨਾ ਹੀ ਅੌਖਾ ਅਤੇ ਹਰ ਮੱਦ ਨੂੰ ਮਿਣਨਯੋਗ ਚਰਾਂ ਦਾ ਨਿਖੇੜਾ ਕਰਨਾ ਚਾਹੀਦਾ ਹੈ। ਇਕ ਮੱਦ ਦੇ ਗੁਣ ਨੂੰ ਜਾਨਣ ਲਈ ਵਰਤਿਆ ਗਿਆ ਤਰੀਕਾ ਹੀ ਮੱਦ ਦਾ ਵਿਸ਼ਲੇਸ਼ਣ ਅਖਵਾਉਂਦਾ ਹੈ। ਇਸਦੇ ਹੇਠਾਂ ਲਿਖੇ ਪਦ ਹਨ :

(i) ਪ੍ਰੀਖਿਆ ਪੱਤਰ ਉੱਚੇ ਸਕੋਰ ਤੋਂ ਨੀਵੇਂ ਸਕੋਰ ਵੱਲ ਨੂੰ ਕ੍ਰਮਬੱਧ ਕਰਨੇ ਚਾਹੀਦੇ ਹਨ।

(ii) 27 ਪ੍ਰਤੀਸ਼ਤ ਪ੍ਰੀਖਿਆ ਪੱਤਰ ਉਪਰਲੇ ਪਾਸੇ ਅਤੇ 27 ਪ੍ਰਤੀਸ਼ਤ ਪ੍ਰੀਖਿਆ ਪੱਤਰ ਹੇਠਲੇ ਪਾਸੇ ਤੋਂ ਚੁਣਨੇ ਚਾਹੀਦੇ ਹਨ।

(iii) ਉਪਰਲੇ ਤੇ ਹੇਠਲੇ ਗਰੁੱਪ ਵਿਚ ਵਿਦਿਆਰਥੀਆਂ ਦੀ ਗਿਣਤੀ ਦਾ ਟੇਬਲ ਤਿਆਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਹਰੇਕ ਪ੍ਰੀਖਿਆ ਮੱਦ ਲਈ ਹਰ ਇੱਕ ਵਿਕਲਪ ਚੁਣਿਆ ਹੁਇਆ ਹੈ।

ਜਿਹੜੀਆਂ ਮੱਦਾਂ ਸਾਡੇ ਉਦੇਸ਼ ਨੂੰ ਪੂਰਾ ਕਰਦੀਆਂ ਹਨ ਉਨ੍ਹਾਂ ਨੂੰ ਦੁਬਾਰਾ ਰੱਖਣਾ ਹੁੰਦਾ ਹੈ।

### 4.7.5 ਅੰਤਿਮ ਖਰੜਾ ਤਿਆਰ ਕਰਨਾ :

ਮੱਦਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਸਿਰਫ਼ ਚੰਗੀਆਂ ਮੱਦਾਂ, ਜਿਨ੍ਹਾਂ ਕੋਲ ਸਹੀ ਮੁਸ਼ਕਲ ਪੱਧਰ ਅਤੇ ਤਸੱਲੀਬਖਸ਼ ਨਿਖੇੜਨ ਸ਼ਕਤੀ ਹੁਵੇ ਨੂੰ ਦੁਬਾਰਾ ਲੈ ਲਿਆ ਜਾਂਦਾ ਹੈ ਅਤੇ ਇਹ ਮੱਦਾਂ ਅੰਤਿਮ ਪ੍ਰੀਖਣ ਬਣਾਉਂਦੀਆਂ ਹਨ। ਇਸ ਤਰ੍ਹਾਂ ਚੰਗੀਆਂ ਮੱਦਾਂ ਬਹੁਤ ਜ਼ਿਆਦਾ ਮੱਦਾਂ ਵਿਚੋਂ ਚੁਣੀਆਂ ਜਾਂਦੀਆਂ ਹਨ। ਕੁਝ ਨੂੰ ਉਨ੍ਹਾਂ ਵਿਚੋਂ ਬਦਲਿਆ ਜਾਂਦਾ ਹੈ ਅਤੇ ਲੋੜੀਂਦੀ ਗਿਣਤੀ ਦੀਆਂ ਮੱਦਾਂ ਨੂੰ ਅੰਤਿਮ ਖਰੜੇ ਲਈ ਚੁਣਿਆ ਜਾਂਦਾ ਹੈ/ਮਦਾਂ ਨੂੰ ਅੰਤਿਮ ਖਰੜੇ ਵਿਚ ਮੁਸ਼ਕਲ ਦੇ ਹਿਸਾਬ ਨਾਲ ਤਰਤੀਬ ਦਿੱਤੀ ਜਾਂਦੀ ਹੈ। ਪ੍ਰੀਖਣ ਲਈ ਲੋੜੀਂਦਾ ਸਮਾਂ ਨੀਯਤ ਕੀਤਾ ਜਾਂਦਾ ਹੈ। ਹੁਣ ਇਹ ਪ੍ਰੇਖਣ ਇਕ ਵੱਡੇ ਨਮੂਨੇ ਵਿਚ ਵਰਤਿਆ ਜਾਂਦਾ ਹੈ ਅਤੇ ਪ੍ਰੇਖਣ ਪੇਪਰ ਸਕੋਰ ਕੀਤੇ ਜਾਂਦੇ ਹਨ।

### 4.7.6 ਪ੍ਰੀਖਣ ਦਾ ਮੁਲਾਂਕਣ ਕਰਨਾ :

ਪ੍ਰੀਖਣਾਂ ਦਾ ਮੁਲਾਂਕਣ ਹੇਠਾਂ ਲਿਖੇ ਅਨੁਸਾਰ ਕੀਤਾ ਜਾਂਦਾ ਹੈ :

(i) ਪ੍ਰੀਖਣ ਦੀ ਅੰਤਿਮ ਕਿਸਮ ਨੂੰ ਉੱਤਰ-ਪੱਤਰੀ ਦੇ ਨਾਲ ਛਪਵਾਇਆ ਜਾਂਦਾ ਹੈ।

(ii) ਲੜੀਂਦ ਸਮੇਂ, ਪ੍ਰੀਖਣ ਦਾ ਜਵਾਬ ਦੇਣ ਤੇ ਤਿੰਨਾਂ ਵਿਦਿਆਰਥੀਆਂ ਦੁਆਰਾ ਲਏ ਗਏ ਸਮੇਂ ਦੀ ਅੰਸਤ ਕੱਢ ਕੇ ਨੀਯਤ ਕੀਤਾ ਜਾਂਦਾ ਹੈ। ਇਹ ਤਿੰਨ ਵਿਦਿਆਰਥੀ ਬਹੁਤ ਹੁਸ਼ਿਆਰ, ਅੰਸਤ ਤੇ ਔਸਤ ਤੋਂ ਘੱਟ ਗਰੁੱਪਾਂ ਦੇ ਹੁੰਦੇ ਹਨ।

(iii) ਜੋ ਵਿਅਕਤੀ ਇਹ ਪ੍ਰੀਖਣ ਲੈ ਰਿਹਾ ਹੁੰਦਾ ਹੈ ਉਸ ਦੇ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਕੇ ਛਪਾਏ ਜਾਂਦੇ ਹਨ।

(iv) ਲੋੜ-ਅਨੁਸਾਰ ਪ੍ਰਤੀਮਾਨ **(Norms)** ਤਿਆਰ ਕੀਤੇ ਜਾਂਦੇ ਹਨ ਅਤੇ ਸਕ੍ਰਾਂ ਦੇ ਟੇਬਲ ਬਣਾਏ ਜਾਂਦੇ ਹਨ।

(v) ਕੁਝ ਨਿਯਮਾਂ ਨਾਲ ਪ੍ਰੀਖਣ ਸਕ੍ਰਾਂ ਦੀ ਵੈਦਤਾ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ।

(vi) ਭਰੋਸੇਯੋਗਤਾ ਵੀ ਦਰਸਾਈ ਜਾਂਦੀ ਹੈ।

(vii) ਪ੍ਰੀਖਣ ਦਾ ਮੁਲਾਂਕਣ ਇਸਦੀ ਪ੍ਰਬੰਧ ਵਿਚ ਵਰਤੋਂ ਉਸਦੀ ਸਕ੍ਰਿੰਗ, ਸਮਾਂ ਅਤੇ ਬੱਚਤ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ।

### 4.8 ਸਾਰਾਂਸ਼ :

ਪ੍ਰੀਖਣ ਵਿਦਿਆਰਥੀ ਵਿਚ ਉਸਦੇ ਪ੍ਰਦਰਸ਼ਨ ਦਾ ਸਿੱਖਣ ਵਿਚ ਸੁਧਾਰ ਕਰਨ ਲਈ ਵਰਤੇ ਜਾਂਦੇ ਹਨ।

ਇਹ ਦ ਤਰ੍ਹਾਂ ਦੇ ਕਾਰਜ ਕਰਦੇ ਹਨ : ਪੂਰਨ ਅਨੁਮਾਨ ਵਾਲੇ **(Prognosis)** ਅਤੇ ਚਰਿੱਤਰ ਪਹਿਚਾਣ ਵਾਲੇ ਜਾਂ ਪੜਚੋਲ ਕਰਨ ਵਾਲੇ **(Diagnosis)** ਪ੍ਰੇਖਣ ਦੇ ਕਾਰਜ ਕਿਹ ਜਿਹੇ ਹਨ, ਨੂੰ ਧਿਆਨ ਵਿਚ ਰੱਖਦਿਆਂ, ਇਨ੍ਹਾਂ ਨੂੰ ਵੱਖ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ ਕਿਉਂਕਿ ਵਿਅਕਤੀਗਤ ਪ੍ਰੇਖਣ, ਗਰੁੱਪ ਪ੍ਰੀਖਣ, ਸਿੱਖਿਆਦਾਇਕ, ਮਨੋਵਿਗਿਆਨਿਕ, ਬਹੁਉਦੇਸ਼ੀ ਕਿਸਮ ਅਤੇ ਪ੍ਰੀਖਣ-ਖੰਡ ਦੇ ਪ੍ਰੀਖਣੀ ਵਿਦਿਅਕ ਜਾਂ ਸਿੱਖਿਆਦਾਇਕ ਪ੍ਰੀਖਣ ਫਿਰ ਵਰਗੀਕਰਨ ਕੀਤੇ ਜਾਂਦੇ ਹਨ ਜਿਵੇਂ ਪ੍ਰਾਪਤੀ **(Achievement test)** ਅਤੇ ਪੜਚੋਲ ਪ੍ਰੀਖਣ ਪ੍ਰਾਪਤੀ **(Achievement test)** ਪ੍ਰੀਖਣ ਅਲੱਗ-ਅਲੱਗ ਕਿਸਮਾਂ ਵਿਚ ਤਿਆਰ ਕੀਤੇ ਜਾਂਦੇ ਹਨ। ਵਿਅਕਤੀਮੁਖੀ (ਵੱਡੇ ਉੱਤਰਾਂ ਵਾਲੇ) ਅਤੇ ਵਾਸਤਵਿਕ ਜਾਂ ਉਦੇਸ਼ਮੁਖੀ (ਛੋਟੇ ਉੱਤਰਾਂ ਵਾਲੇ)। **Subjective** ਕਿਸਮ ਦੇ ਪ੍ਰੀਖਣਾਂ ਨੂੰ ਵੱਡੇ ਉੱਤਰਾਂ ਵਾਲੇ ਪ੍ਰੀਖਣ ਵੀ ਕਹਿੰਦੇ ਹਨ। ਛੋਟੇ ਉੱਤਰਾਂ ਵਾਲੇ ਪ੍ਰੀਖਣਾਂ ਵਿਚ ਸ਼ਾਮਲ ਹੈ : ਸਾਧਾਰਣ ਪੂਰਨ ਸਿਮਰਣ **(Simple Recall type)**, ਪੂਰਨਤਾ **(Completion type)**, ਵਿਕਾਸਪਤ **(Alternative)**, ਉੱਤਰਾਂ ਵਾਲੇ, ਬਹੁ-ਚੋਣ **(Multiple choice)**, ਮਿਲਾਨ ਕਿਸਮ **(Matching type)**, ਵਰਗੀਕਰਣ ਕਿਸਮ **(Classification type)**, ਅਨੁਰੂਪਤਾ ਕਿਸਮ **(Analogy type)**, ਤਰਤੀਬ ਕਿਸਮ **(Arrangement type)**, ਲੜੀਆਂ ਦੀ ਗਿਣਤੀ **(Number of series)**, ਪ੍ਰਤੀਸਥਾਪਨ ਕਿਸਮ **(Substitution type)**, ਟਿੱਕ ਪ੍ਰੀਖਣ ਇਕ ਤਰਤੀਬਵੱਧ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ। ਕਿਉਂਕਿ ਇਹ ਇਕ ਗੁੰਝਲਦਾਰ ਅਤੇ ਤਰਤੀਬਵਾਰ ਤਰੀਕਾ ਹੈ। ਇਹ ਉੱਚ ਦਰਜੇ ਦਾ ਤਕਨੀਕੀ ਗੁਣ ਹੈ, ਵਿਸ਼ੇ ਉੱਪਰ ਮੁਹਾਰਤ ਹੈ ਅਤੇ ਪ੍ਰਯੋਗਿਕ ਅਧਿਆਪਕ ਤਜਰਬੇ ਹਨ। ਪ੍ਰੀਖਣ ਤਿਆਰ ਕਰਨ ਲਈ ਹੇਠਾਂ ਲਿਖੇ ਮੱਦਾਂ ਦਾ ਵਰਣਨ ਕਰਨਾ ਜ਼ਰੂਰੀ ਹੈ : ਪ੍ਰੀਖਣ ਦੀ ਯੋਜਨਾਬੰਦੀ, ਪ੍ਰੀਖਣ ਤਿਆਰ ਕਰਨਾ, ਪ੍ਰੀਖਣ ਨੂੰ ਵਰਤ ਕੇ ਦੇਖਣਾ : **(a)** ਮੱਦ ਵਿਸ਼ਲੇਸ਼ਣ, **(b)** ਅੰਤਿਮ ਖਰੜਾ ਤਿਆਰ ਕਰਨਾ, **(c)** ਪ੍ਰੀਖਣ ਦਾ ਪ੍ਰਬੰਧ ਪ੍ਰਤੀਮਾਨ ਗਰੁੱਪ ਤੇ ਸਮਰੂਪ ਸ਼ਰਤ ਹੇਠਾਂ ਕਰਨਾ, ਪ੍ਰੀਖਣ ਦਾ ਮੁਲਾਂਕਣ : **(a)** ਸਕੋਰਿੰਗ ਕੀ ਦੇ ਮੁਤਾਬਕ ਪ੍ਰੀਖਣ ਉੱਤਰਾਂ ਦਾ ਅੰਕਣ ਕਰਨਾ, ਪ੍ਰਤੀਮਾਨ ਅਤੇ ਹੁਰ ਸਾਂਖਿਅਕੀ ਮਾਪ, ਪ੍ਰਾਪਤ ਕਰਨਾ, ਪ੍ਰੀਖਣ ਦੇ ਗੁਣਾਂ ਦਾ ਮੁਲਾਂਕਣ ਕਰਨਾ (ਯੋਗਤਾ, ਭਰੋਸੇਯੋਗਤਾ ਅਤੇ ਪ੍ਰੀਖਣ ਦੀ ਵਾਸਤਵਿਕਤਾ)।

## 4.9 ਤੁਹਾਡੀ ਤਰੱਕੀ ਨੂੰ ਦੇਖਣ ਦੇ ਪ੍ਰਸ਼ਨ :

1. ਪ੍ਰੀਖਣ ਦੀਆਂ ਵੱਖ-ਵੱਖ ਕਿਸਮਾਂ ਹੁੰਦੀਆਂ ਹਨ?
2. ਕਿਉਂ ਛੋਟੇ ਉੱਤਰਾਂ ਵਾਲੇ ਪ੍ਰੀਖਣਾਂ ਨਾਲੋਂ ਛੋਟੇ ਉੱਤਰਾਂ ਵਾਲੇ ਪ੍ਰੀਖਣ ਚੰਗੇ ਹੁੰਦੇ ਹਨ।
3. ਵੱਖ-ਵੱਖ ਤਰ੍ਹਾਂ ਛੋਟੇ ਉੱਤਰਾਂ ਵਾਲੇ ਪ੍ਰੀਖਣਾਂ ਦਾ ਵਰਣਨ ਕਰੋ?
4. ਇਹ ਪ੍ਰਾਪਤੀ ਪ੍ਰੀਖਣ ਜਾਂ ਨਿਪੁੰਨਤਾ ਪ੍ਰੀਖਣ (Achievement test) ਨੂੰ ਤਿਆਰ ਕਰਨ ਲਈ ਪਦਾਂ ਦੀ ਵਿਆਖਿਆ ਕਰੋ?

## 4.10 Suggested Reading :


*Sax, Gilbert, Principles of Educational and Evaluation.*
*Sharma, R.A., Essentials of Scientific Behavioural Research.*
*Ferguson, G.A., Statistical Analysis in Psychology and Education.*
*Anastasi, A Psychological Testing.*
*Guilford, J.P., Fundamanetal Statistics in Psychology and Education.*
*Garrett, H.E., Statistics in Psychology and Education.*
*Sharma, R.A., Advanced Statistics in Education and Psychology.*

ਪਾਠ ਨੰ: 1.5 ਡਾ. ਜਸਰਾਜ ਕੌਰ

## ਨਿਰੰਤਰ ਤੇ ਸਰਵਵਿਆਪੀ ਮੁਲਾਂਕਣ : ਸੰਕਲਪ, ਸਾਰਥਿਕਤਾ (ਮਹੱਤਤਾ), ਉਪਯੋਗਤਾ (ਲਾਭ) ਅਤੇ ਸੀਮਾਵਾਂ

**1.5.1. ਭੂਮਿਕਾ**

**1.5.2. ਉਦੇਸ਼**

**1.5.3. ਨਿਰੰਤਰ ਤੇ ਸਰਵਵਿਆਪੀ ਮੁਲਾਂਕਣ**

- **1.5.3.1. ਸੰਕਲਪ**
- **1.5.3.2. ਸਾਰਥਿਕਤਾ (ਮਹੱਤਤਾ)**
- **1.5.3.3. ਉਪਯੋਗਤਾ (ਲਾਭ)**
- **1.5.3.4. ਸੀਮਾਵਾਂ**

**1.5.4. ਸਾਰ-ਅੰਸ਼ (ਸੰਖੇਪ)**

**1.5.5. ਕੁੰਜੀਵਤ ਸਬਦ**

**1.5.6. ਸੁਝਾਏ ਗਏ ਸਵਾਲ (ਪ੍ਰਸ਼ਨ)**

**1.5.7. ਪ੍ਰਸਤਾਵਿਤ ਅਧਿਐਨ**

**1.5.8. ਸਵੈ-ਅਭਿਆਸ**

### 1.5.1. ਭੂਮਿਕਾ :-

ਨਿਰੰਤਰ ਤੇ ਸਰਵਵਿਆਪੀ ਮੁਲਾਂਕਣ ਤੋਂ ਭਾਵ ਅਜਿਹੀ ਪ੍ਰਣਾਲੀ ਜਿਸ ਵਿੱਚ ਸਕੂਲ ਵਿਦਿਆਰਥੀਆਂ ਦੇ ਵਿਕਾਸ ਦੇ ਵੱਖ-ਵੱਖ ਪੱਖਾਂ ਦਾ ਮੁਲਾਂਕਣ ਕੀਤਾ ਜਾਦਾ ਹੈ। ਮੁਲਾਂਕਣ ਵਿਕਾਸਾਤਮਿਕ ਪ੍ਰਕਿਰਿਆ ਹੈ, ਜਿਸ ਵਿੱਚ ਦੋ ਉਦੇਸ਼ਾਂ ਤੇ ਜੋਰ ਦਿੱਤਾ ਗਿਆ। ਇਕ ਮੁਲਾਂਕਣ ਵਿੱਚ ਨਿਰੰਤਰਤਾ ਅਤੇ ਦੂਜਾ ਸਿੱਖਣ ਤੇ ਵਿਵਹਾਰਿਕ ਨਤੀਜਿਆਂ ਦੀ ਵਿਆਪਕਤਾ। ਨਿਰੰਤਰਤਾ ਤੋਂ ਭਾਵ ਹੈ ਵਿਦਿਆਰਥੀਆਂ ਦੇ ਸਾਰੇ ਪੱਖਾਂ ਦਾ ਨਿਰੰਤਰ ਮੁਲਾਂਕਣ ਕਰਨਾ ਕਿਉਂਕਿ ਵਾਧਾ ਤੇ ਵਿਕਾਸ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਤੇ ਇਹ ਪੂਰੇ ਅਧਿਆਪਨ-ਸਿੱਖਣ ਪ੍ਰਕਿਰਿਆ ਵਿੱਚ ਮੌਜੂਦ ਹੁੰਦਾ ਅਤੇ ਪੂਰੇ ਅਕਾਦਮਿਕ ਸ਼ੈਸਨ ਦਾ ਅਨਿੱਖੜਵਾਂ ਅੰਗ ਹੁੰਦਾ। ਇਸ ਤੋਂ ਭਾਵ ਮੁਲਾਂਕਣ ਵਿੱਚ ਨਿਰੰਤਰਤਾ, ਸਿੱਖਆ ਦੇ ਖੱਪਿਆਂ ਨੂੰ ਪੂਰਾ ਕਰਨ, ਸਹੀ ਮਾਪਣ ਵਿੱਚ ਉਪਯੋਗੀ, ਪੁਨਰ-ਮੁਲਾਂਕਣ ਅਤੇ ਉਨ੍ਹਾਂ ਦੇ ਸਵੈ-ਮੁਲਾਂਕਣ ਤੋਂ ਹੈ। ਦੂਜਾ ਸਰਵਵਿਆਪਕਤਾ ਤੋਂ ਭਾਵ ਵਿਦਿਆਰਥੀ ਦੇ ਵਾਧੇ ਤੇ ਵਿਕਾਸ ਦੇ ਦੋਵੇਂ ਪੱਖ ਅਕਾਦਮਿਕ ਤੇ ਗੈਰ ਅਕਾਦਮਿਕ ਮੁਲਾਂਕਣ ਵਿੱਚ ਸ਼ਾਮਲ ਕਰਨਾ ਹੈ।

### 1.5.2. ਉਦੇਸ਼ :-

ਪਾਠ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਹੇਠ ਲਿਖੇ ਯੋਗ ਬਣਾਉਣਾ ਹੈ :

- ❖ **ਨਿਰੰਤਰ ਤੇ ਸਰਵਵਿਆਪੀ ਮੁਲਾਂਕਣ ਦੇ ਸੰਕਲਪ ਨੂੰ ਸਮਝਣਾ।**
- ❖ **ਨਿਰੰਤਰ ਤੇ ਸਰਵਵਿਆਪੀ ਮੁਲਾਂਕਣ ਦੀ ਮਹੱਤਤਾ ਨੂੰ ਸਮਝਣਾ।**
- ❖ **ਨਿਰੰਤਰ ਤੇ ਸਰਵਵਿਆਪੀ ਮੁਲਾਂਕਣ ਦੀ ਉਪਯੋਗਤਾ ਨੂੰ ਸਮਝਣਾ।**
- ❖ **ਨਿਰੰਤਰ ਤੇ ਸਰਵਵਿਆਪੀ ਮੁਲਾਂਕਣ ਦੀਆਂ ਸੀਮਾਵਾਂ ਨੂੰ ਜਾਣਨਾ।**

### 1.5.3. ਨਿਰੰਤਰ ਤੇ ਸਰਵਵਿਆਪੀ ਮੁਲਾਂਕਣ :-

**CCE ਸਕੂਲੀ ਬੱਚਿਆਂ ਦੇ ਮੁਲਾਂਕਣ ਲਈ ਵਰਤਿਆ ਜਾਂਦਾ ਹੈ ਜਿਹੜਾ ਕਿ ਉਨ੍ਹਾਂ ਦੇ ਸਾਰੇ ਸਾਲ ਵਾਧੇ ਤੇ ਵਿਕਾਸ ਦਾ ਨਿਰੰਤਰ ਮੁਲਾਂਕਣ ਕਰਦਾ ਹੈ ਤੇ ਜਿਸ ਵਿੱਚ ਸਰਵਵਿਆਪਕ ਭਾਵ ਸਾਰੇ ਪੱਖਾਂ ਨੂੰ ਸਾਮਲ ਕੀਤਾ ਜਾਂਦਾ ਹੈ।**

### 1.5.3.1. ਸੰਕਲਪ :-

**ਇਸ ਵਿੱਚ ਸਿਰਫ ਅਕਾਦਮਿਕ ਪੱਖ ਨੂੰ ਹੀ ਨਹੀਂ ਬਲਕਿ ਗੈਰ ਅਕਾਦਮਿਕ ਖੇਤਰ ਵਿੱਚ ਕੀਤੇ ਪ੍ਰਦਰਸ਼ਨ ਜਿਵੇਂ (ਖੇਡਾਂ, ਸਰੀਰਕ ਸਿੱਖਿਆ, ਸਿਰਜਨਾਤਮਿਕ ਸਿੱਖਿਆ, ਕਲਾ, ਸੰਗੀਤ, ਨਾਚ ਨਾਟਕ ਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਤੇ ਵਿਅਕਤੀਗਤ ਅਤੇ ਸਮਾਜਿਕ ਯੋਗਤਾ) ਵੀ ਸ਼ਾਮਲ ਹੁੰਦਾ ਹੈ। CCE ਦਾ ਮੰਤਵ ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਕਰਨਾ ਹੈ।**

ਨਿਰੰਤਰ ਮੁਲਾਂਕਣ: ਮੁਲਾਂਕਣ ਦਾ ਇਹ ਰੂਪ ਮੁਲਾਂਕਣ ਪ੍ਰਕ੍ਰਿਆ ਦੀ ਨਿਰੰਤਰਾ ਨਾਲ ਸੰਬੰਧਿਤ ਹੈ। ਇਸ ਵਿਚ ਮੁਲਾਂਕਣ ਤਿਮਾਹੀ, ਛਿਮਾਹੀ ਜਾਂ ਸਲਾਨਾ ਪ੍ਰੀਖਿਆ ਤੱਕ ਹੀ ਸੀਮਿਤ ਨਹੀਂ ਹੁੰਦਾ, ਇਹ ਸੰਪੂਰਨ ਅਨੁਦੇਸ਼ ਕਾਰਜ ਦੌਰਾਨ ਚੱਲਦਾ ਹੈ। ਇਹ ਇਕ ਵਿਸ਼ੇਸ਼ ਪੱਧਰ ਤੱਕ ਵਿਦਿਆਰਥੀਆਂ ਦੀਆਂ ਸਮੱਰਥਾਵਾਂ ਅਤੇ ਗਿਆਨ ਦੇ ਲਈ ਉਪਯੁਕਤ ਢਾਂਚਾ ਪ੍ਰਦਾਨ ਕਰਦਾ ਹੈ।

ਵਿਆਪਕ ਮੁਲਾਂਕਣ: ਮੁਲਾਂਕਣ ਆਪਣੇ ਇਸ ਰੂਪ ਵਿਚ ਸੀਮਿਤ ਨਹੀ ਰਹਿੰਦਾ। ਇਸ ਵਿਚ ਮੁੱਖ ਕੇਂਦਰ ਵਿਦਿਆਰਥੀਆਂ ਦਾ ਹੋ ਰਿਹਾ ਨਿਰੰਤਰ ਵਿਕਾਸ ਹੁੰਦਾ ਹੈ। ਇਹ ਮੁਲਾਂਕਣ ਵਿਦਿਆਰਥੀਆਂ ਦੇ ਬੌਧਿਕ, ਭਾਵਨਾਤਮਕ, ਸਰੀਰਕ, ਸੱਭਿਆਚਾਰਕ ਅਤੇ ਸਮਾਜਿਕ ਪੱਖ ਦੇ ਵਿਕਾਸ ਨੂੰ ਯਕੀਨੀ ਬਣਾਉਣਾ ਉਪਰ ਜ਼ੋਰ ਦਿੰਦਾ ਹੈ।

ਲਗਾਤਾਰ ਵਿਆਪਕ ਮੁਲਾਂਕਣ ਦੇ ਨਤੀਜੇ

ਰਾਸ਼ਟਰੀ ਸਿੱਖਿਆ ਨੀਤੀ ਦੇ ਅਨੁਸਾਰ ਲਗਾਤਾਰ ਵਿਆਪਕ ਮੁਲਾਂਕਣ ਵਿਚ ਹੇਠ ਲਿਖੇ ਸਿੱਟੇ ਸ਼ਾਮਿਲ ਹੋਣੇ ਚਾਹੀਦੇ ਹਨ:

1. ਵਿਦਿੱਅਕ ਪੱਖ (Scholastic Aspect)
2. ਸਹਿ-ਵਿਦਿੱਅਕ ਪੱਖ (Scholastic Aspect)
3. ਵਿਅਕਤੀਗਤ ਅਤੇ ਸਮਾਜਿਕ ਗੁਣ (Personal and Social qualties)
4. ਰੁਚੀਆਂ (Interests)
5. ਵਿਤੀਆਂ (Aptitude)
6. ਮੁੱਲ (Values)

### 1.5.3.2. ਮਹੱਤਤਾ :-

**ਅਧਿਆਪਕ ਵਿਦਿਆਰਥੀ ਨੂੰ ਹਰ ਦਿਨ ਮੁਲਾਂਕਣ ਕਰਦੇ ਹਨ ਤੇ ਅਧਿਆਪਨ-ਸਿੱਖ ਪ੍ਰਕ੍ਰਿਆ ਵਿੱਚ ਸੁਧਾਰ ਲਈ ਪ੍ਰਤੀਪੁਸ਼ਟੀ ਦਿੰਦੇ ਹਨ। ਅਧਿਆਪਕ ਮੁਲਾਂਕਣ ਦੀਆਂ ਵੱਖ-ਵੱਖ ਵਿਧੀਆਂ ਵਰਤਦੇ ਹਨ। ਵਿਦਿਆਰਥੀਆਂ ਦੇ ਸਿਰਫ ਅਕਾਦਮਿਕ ਪੱਖ ਨੂੰ ਹੀ ਨਹੀਂ ਦੇਖਿਆ ਜਾਂਦਾ ਬਲਕਿ ਉਨ੍ਹਾਂ ਦੀ ਗੈਰ-**

ਅਕਾਦਮਿਕ ਖੇਤਰ ਵਿੱਚ ਭੂਮਿਕਾ ਨੂੰ ਵੀ ਵਾਚਿਆ ਜਾਂਦਾ ਹੈ। ਇਹ ਸਾਰਾ ਸਾਲ ਚੱਲਦਾ ਹੈ ਇਸ ਦੀ ਤਰੱਕੀ ਬਾਰੇ ਇਹ ਵਿਦਿਆਰਥੀ ਲਈ ਭਰੋਸੇਯੋਗ ਤੱਥ ਮੁਹੱਈਆ ਕਰਾਉਂਦਾ ਹੈ। CCE ਵਿੱਦਿਆਰਥੀਆਂ ਵਿੱਚ ਚੰਗੀਆਂ ਪੜ੍ਹਨ ਆਦਤਾਂ ਪਾਉਣ ਨੂੰ ਉਤਸਾਹਿਤ ਕਰਦਾ ਹੈ ਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਨਿਰੰਤਰਤਾ ਲਿਆਉਂਦਾ ਹੈ, ਜਿਸ ਨਾਲ ਉਨ੍ਹਾਂ ਦੇ ਸਮਝ ਪੱਧਰ ਵਿੱਚ ਵਾਧਾ ਹੁੰਦਾ ਹੈ। ਉਪਚਾਰਾਤਮਿਕ ਅਧਿਆਪਨ ਲਈ CCE ਪ੍ਰਤੀਪੁਸ਼ਟੀ ਮੁਹੱਈਆ ਕਰਵਾਉਂਦਾ ਹੈ ਜਾਂ CCE ਦੁਆਰਾ ਦਿੱਤੀ ਪ੍ਰਤੀਪੁਸ਼ਟੀ ਉਪਚਾਰਾਤਮਿਕ ਅਧਿਆਪਨ ਵਿੱਚ ਸਹਾਈ ਹੁੰਦੀ ਹੈ।.........................................................

ਇਹ ਸੰਯੁਕਤ ਅਧਿਆਪਨ ਤੇ ਮੁਲਾਂਕਣ ਉਨ੍ਹਾਂ ਕੌਸ਼ਲਾਂ ਤੇ ਯੋਗਤਾਵਾਂ ਨੂੰ ਮਾਪਣ ਵਿੱਚ ਸਹਾਈ ਹੁੰਦਾ ਹੈ ਜਿਹੜੀਆਂ ਕਿ ਕੋਰਸ ਦੇ ਅੰਤ ਵਿੱਚ ਲਈ ਜਾਣ ਵਾਲੀ ਲਿਖਤੀ ਪ੍ਰੀਖਿਆ ਦੁਆਰਾ ਸੰਭਵ ਨਹੀਂ ਹੁੰਦਾ। ਇਸ ਲਈ CCE ਦਾ ਉਦੇਸ਼ ਬਿਲਕੁਲ ਵੱਖਰਾ ਹੈ ਅਤੇ ਅਧਿਆਪਕ ਵਿਦਿਆਰਥੀਆਂ ਦੀ ਯੋਗਤਾਵਾਂ ਨੂੰ ਇਸ ਤਰ੍ਹਾਂ ਸੁਧਾਰ ਸਕਦਾ ਹੈ :-

- ❖ ਵਿਦਿਆਰਥੀਆਂ ਦੀਆਂ ਯੋਗਤਾਵਾਂ ਨੂੰ ਲਿਖਣਾ।
- ❖ ਵਾਦ-ਵਿਵਾਦ ਵਿੱਚ ਹਿੱਸਾ ਲੈਣਾ, ਸੈਮੀਨਾਰ ਲਗਾਉਣਾ।
- ❖ ਖੇਤਰੀ ਕੰਮਾਂ, ਪ੍ਰੋਜੈਕਟ ਕੰਮ ਵਿੱਚ ਹਿੱਸਾ ਲੈਣ ਤੇ ਸਮੱਸਿਆ ਹੱਲ ਕਰਨ ਲਈ ਅਸਾਈਨਮੈਂਟ (ਸੌਂਪਣੀ) ਦੇਣਾ।
- ❖ ਅਧਿਆਪਕਾਂ ਨੂੰ ਪ੍ਰਭਾਵਸ਼ਾਲੀ ਅਧਿਆਪਨ ਸਿੱਖਣ ਪ੍ਰਕ੍ਰਿਆ ਲਈ ਉਤਸ਼ਾਹਿਤ ਕਰਨਾ।
- ❖ ਅਧਿਆਪਨ-ਸਿੱਖਣ ਪ੍ਰਕ੍ਰਿਆ, ਵਿਧੀਆਂ ਅਤੇ ਵਿਸ਼ਾ-ਵਸਤੂ ਵਿੱਚ ਸੁਧਾਰ ਲਈ ਪ੍ਰਤੀਪੁਸ਼ਟੀ ਮੁਹੱਈਆ ਕਰਾਉਣਾ।

1.5.3.3 ਉਪਯੋਗਤਾ (ਲਾਭ) :

CCE ਦੀਆਂ ਬਹੁਤ ਸਾਰੀਆਂ ਉਪਯੋਗਤਾਵਾਂ ਹਨ :

- ❖ ਸੰਪੂਰਨ (ਸਰਵਵਿਆਪੀ) ਸਿੱਖਣ ਦਾ ਆਧਾਰ :- CCE ਦਾ ਮੁੱਖ ਉਦੇਸ਼ ਵਿਅਕਤੀ ਦੀ ਸਖ਼ਸ਼ੀਅਤ ਦੇ ਸਾਰੇ ਪੱਖਾਂ ਦਾ ਵਿਕਾਸ ਕਰਨਾ ਹੈ। ਪ੍ਰੀਖਿਆ ਕੇਂਦਰਿਤ ਸਿੱਖਿਆ ਪ੍ਰਣਾਲੀ ਵਿੱਚ ਕਈ ਵਾਰ ਵਿਦਿਆਰਥੀ ਦੇ ਗਿਆਨਤਮਿਕ, ਪ੍ਰਭਾਵਤਮਿਕ ਅਤੇ ਮਨੋਗਤੀਆਤਮਿਕ ਕੌਂਸਲ ਆਦਿ ਪੱਖ ਅਣਗੌਲੇ ਰਹਿ ਜਾਂਦੇ ਹਨ।
- ❖ ਵਿਦਿਆਰਥੀਆਂ ਲਈ ਯੋਗ ਵਾਤਾਵਰਣ :- ਸਿੱਖਿਆਰਥੀ ਦੀ ਉਜ਼ਰਤ (ਵਿਕਾਸ) ਕਈ ਵਾਰ ਉਸਦੀ ਯੋਗਤਾ ਦੁਆਰਾ ਮਾਪੀ ਨਹੀਂ ਜਾ ਸਕਦੀ ਪਰ ਇਹ ਉਸਦੀ ਸਖ਼ਸ਼ੀਅਤ ਦੇ ਵਿਕਾਸ ਵਿੱਚ ਸਾਫ ਦਿਖਾਈ ਦਿੰਦੀ ਹੈ। ਇਹ ਆਸ ਕੀਤੀ ਜਾਂਦੀ ਹੈ ਕਿ CCE ਸਖ਼ਸ਼ੀਅਤ ਵਿਕਾਸ ਦੇ ਸਾਰੇ ਪੱਖਾਂ ਤੇ ਜ਼ੋਰ ਦਿੰਦੀ ਹੈ। ਇਹ ਮੁਲਾਂਕਣ ਪ੍ਰਣਾਲੀ ਵਿਦਿਆਰਥੀ ਦੀ ਸਕੂਲੀ ਜ਼ਿੰਦਗੀ ਨੂੰ ਆਨੰਦਦਾਇਕ ਬਣਾਉਂਦੀ ਹੈ ਅਤੇ ਸਿੱਖਣ ਲਈ ਦਬਾਅ ਮੁਕਤ ਵਾਤਾਵਰਨ ਮੁਹੱਈਆ ਕਰਵਾਉਣ 'ਚ ਸਹਾਈ ਹੁੰਦੀ ਹੈ।

- ਸਿੱਖਣ ਚੁਣੌਤੀਆਂ ਦੀ ਪਛਾਣ :- ਇਸ ਦੌਰਾਨ ਵਿਦਿਆਰਥੀਆਂ ਨੂੰ ਸਾਰੇ ਅਕਾਦਮਿਕ ਸਾਲ ਦੌਰਾਨ ਨਿਰੰਤਰ ਇੱਕ ਅੰਤਰਾਲ ਬਾਅਦ ਟੈਸਟ ਕੀਤਾ ਜਾਂਦਾ ਹੈ ਤੇ ਇਸ ਦੌਰਾਨ ਉਨ੍ਹਾਂ ਨੂੰ ਆਉਣ ਵਾਲੀਆਂ ਚੁਣੌਤੀਆਂ (ਮੁਸ਼ਕਲਾਂ) ਦੀ ਪਛਾਣ ਕੀਤੀ ਜਾਂਦੀ ਹੈ।
- ਨਿਦਾਨਾਤਮਿਕ ਸਮੱਸਿਆਵਾਂ :- ਇਸ ਦਾ ਉਦੇਸ਼ ਬੱਚਿਆਂ ਦੇ ਵਿਕਾਸ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦੇ ਉਨ੍ਹਾਂ ਖੇਤਰ ਦੀ ਨਿਦਾਨ (ਪਛਾਣ) ਕਰਨਾ ਹੈ ਜੋ ਸਿਰਫ ਅਕਾਦਮਿਕ ਨਤੀਜਿਆਂ ਨਾਲ ਹੀ ਸੰਬੰਧਿਤ ਨਹੀਂ ਹੁੰਦੀਆਂ।
- ਸਰਵਵਿਪਆਕ :- ਇਹ ਸਰਵਵਿਆਪਕ ਹੈ ਕਿਉਂਕਿ ਇਸ ਵਿੱਚ ਬਾਹਰੀ ਪ੍ਰੀਖਿਆਵਾਂ ਦੇ ਨਾਲ ਹੀ ਸਿਲੇਬਸ ਦੇ ਸਾਰੇ ਵਿਸ਼ਿਆਂ ਦਾ ਮੁਲਾਂਕਣ ਜੋ ਕਿ ਹਰ ਪੰਦਰਾਂ ਜਾਂ ਮਹੀਨੇ ਬਾਅਦ ਹੁੰਦਾ ਵੀ ਸ਼ਾਮਲ ਹੁੰਦਾ ਹੈ।
- ਵਿਦਿਆਰਥੀਆਂ ਦੀਆਂ ਆਦਤਾਂ ਵਿੱਚ ਸੁਧਾਰ :- ਇਸ ਨਾਲ ਵਿਦਿਆਰਥੀ ਆਪਣੇ ਕੰਮ ਪ੍ਰਤੀ ਜ਼ਿਆਦਾ ਪੱਕੇ (ਰੈਗੂਲਰ) ਅਤੇ ਸਮੇਂ ਦੇ ਪਾਬੰਦ ਹੋ ਜਾਂਦੇ ਹਨ। ਉਹ ਕੋਸ਼ਿਸ਼ ਕਰਦੇ ਹਨ ਕਿ ਉਹਨਾਂ ਨੂੰ ਘਰ ਲਈ ਸੌਂਪਣੀ (ਅਸਾਈਨਮੈਂਟ) ਤੇ ਕਲਾਸ ਦਾ ਕੰਮ ਮਿਲੇ ਤਾਂ ਰੋਜ਼ਾਨਾ ਚੈੱਕ ਹੋਵੇ ਤੇ ਇਸ ਨਾਲ ਮਿਲਣ ਵਾਲਾ ਪੁਨਰਬਲ ਉਨ੍ਹਾ ਦੀ ਅੰਦਰੂਨੀ ਸੰਤੁਸ਼ਟੀ ਨੂੰ ਵਧਾਉਂਦਾ ਹੈ।
- ਵੈਧਤਾ :- CCE ਵਿੱਚ ਸਾਰੇ ਖੇਤਰ ਪੂਰੀ ਯੋਜਨਾ ਨਾਲ ਸ਼ਾਮਲ ਕੀਤੇ ਜਾਂਦੇ ਹਨ। ਇਸ ਲਈ ਇਸ ਦਾ ਆਂਕਲਣ ਇਸਦੇ ਉਦੇਸ਼ ਅਨੁਸਾਰ ਹੁੰਦਾ। ਇਸ ਲਈ ਇਹ ਵੈਧ ਹੁੰਦਾ ਹੈ।
- ਭਰੋਸੇਯੋਗ :- ਇਹ ਬਾਹਰੀ ਪ੍ਰੀਖਿਆਵਾਂ ਮੁਕਾਬਲੇ ਜ਼ਿਆਦ ਭਰੋਸੇਯੋਗ ਹੁੰਦਾ ਕਿਉਂਕਿ ਇਸ ਵਿੱਚ ਵਿਸ਼ੇ ਦੇ ਹਿੱਸਿਆਂ ਦਾ ਆਂਕਲਣ ਸ਼ਾਮਲ ਹੁੰਦਾ ਹੈ। ਇਸ ਲਈ ਜੋ ਵਿਦਿਆਰਥੀ ਰੈਗੂਲਰ ਹੁੰਦੇ ਹਨ ਉਨ੍ਹਾਂ ਦੀ ਰੋਜ਼ਾਨਾਂ ਦੀ ਸਮਝ ਵਿੱਚ ਵਾਧਾ ਹੁੰਦਾ ਹੈ।
- ਪ੍ਰੇਰਨਾਦਾਇਕ ਕੀਮਤਾਂ :- ਇਹ ਬੱਚਿਆਂ ਨੂੰ ਲਗਾਤਾਰ ਤੇ ਚੰਗੀ ਤਰ੍ਹਾਂ ਕੰਮ ਕਰਨ ਲਈ ਪ੍ਰੇਰਦਾ ਹੈ। ਇਸ ਦੌਰਾਨ ਪੂਰੇ ਸਾਲ ਵਿੱਚ ਉਨ੍ਹਾਂ ਨੂੰ ਸੌਖੇ ਤੇ ਭੁਲੇਖੇ ਦਾ ਹੱਲ, ਪ੍ਰਸ਼ਨ ਤੇ ਹਿੱਸਿਆ ਵਿੱਚ ਵਿਸ਼ਾ-ਵਸਤੂ ਦੇ ਕੰਮ ਵਿੱਚੋਂ ਦੀ ਲੰਘਾਇਆ ਜਾਂਦਾ ਹੈ।
- ਅਧਿਆਪਕਾਂ ਤੇ ਵਿਦਿਆਰਥੀਆਂ ਲਈ ਮੌਕੇ ਮੁਹੱਈਆ ਕਰਨੇ : ਇਹ ਅਧਿਆਪਕਾਂ ਨੂੰ ਵਿਦਿਆਰਥੀਆਂ ਦੀਆਂ ਸਿੱਖਣ ਵਿੱਚ ਸਮੱਸਿਆਵਾਂ ਦੇ ਨਿਦਾਨ (ਪਛਾਣ) ਕਰਨਯੋਗ ਬਣਾਉਂਦਾ ਹੈ। ਇਹ ਵਿਦਿਆਰਥੀ ਦੀਆਂ ਲੋੜਾਂ, ਰੁਚੀਆਂ, ਯੋਗਤਾਵਾਂ ਅਤੇ ਰੁਝਾਨਾਂ ਨੂੰ ਲੱਭਣ ਦਾ ਮੌਕਾ ਮੁਹੱਈਆ ਕਰਾਉਂਦਾ ਤੇ ਉਨ੍ਹਾਂ ਦੇ ਵਿਕਸ ਲਈ ਰਸਤਾ ਦਿਖਾਉਂਦਾ ਹੈ।
- ਦਬਾਅ ਤੋਂ ਮੁਕਤ :- ਇਹ ਵਿਦਿਆਰਥੀ ਉੱਪਰ ਪਾਏ ਨਜਾਇਜ ਦਬਾਅ ਤੋਂ ਉਨ੍ਹਾਂ ਨੂੰ ਮੁਕਤ ਕਰਦਾ। ਉਹ ਆਪਣੇ ਅਧਿਆਪਕ ਦੀ ਨਿਰੰਤਰ ਅਗਵਾਈ ਹੇਠ ਬਿਨ੍ਹਾਂ ਕਿਸੇ ਤਨਾਅ ਤੋਂ

ਆਪਣੀ ਰਫਤਾਰ ਨਾਲ ਆਪਣਾ ਕੰਮ ਕਰਦੇ ਹਨ ਅਤੇ ਰੋਜ਼ਾਨਾ ਕੰਮ ਦੇ ਆਂਕਲਣ ਦੀ ਕਾਰਵਾਈ ਕਰਦੇ ਹਨ।

- ਵਜੀਫੇ ਲਈ ਆਧਾਰ :- ਇਹ ਵਿਦਿਆਰਥੀ ਨੂੰ ਵਜ਼ੀਫੇ ਦੇਣ ਦਾ ਆਧਾਰ ਵੀ ਮੁਹੱਈਆ ਕਰਾਉਂਦਾ ਅਤੇ ਇਸ ਵਿੱਚ ਸਿਰਫ ਇੱਕ ਵਾਰ ਲਈ ਪ੍ਰੀਖਿਆ ਦੇ ਆਧਾਰ ਤੇ ਹੀ ਫੀਸ ਤੋਂ ਛੋਟ ਨਹੀਂ ਮਿਲਦੀ ਬਲਕਿ ਉਸਦੇ ਰੋਜ਼ਾਨਾ ਦੇ ਕਾਰਜ ਤੇ ਅਧਾਰਿਤ ਹੁੰਦੀ ਹੈ।
- ਆਸ਼ਾਵਾਦੀ ਬਣਾਉਣਾ :- ਇਸ ਦਾ ਉਦੇਸ਼ ਕਿ ਬੱਚਾ ਕੀ ਜਾਣਦਾ ਹੈ, ਕੀ ਕਰਦਾ ਹੈ ਤੇ ਬੁੱਧੀ ਅਨੁਸਾਰ ਕੀ ਕਰ ਸਕਦਾ ਹੈ ਦਾ ਅੰਦਾਜ਼ਾ ਲਾਉਣਾ ਹੀ ਨਹੀਂ ਹੁੰਦਾ ਬਲਕਿ ਇਸ ਦੇ ਇਲਾਵਾ ਕਿ ਬੱਚਾ ਕੀ ਨਹੀਂ ਜਾਣਦਾ, ਕੀ ਨਹੀਂ ਕਰ ਸਕਦਾ ਤੇ ਬੁੱਧੀ ਅਨੁਸਾਰ ਉਸਨੂੰ ਕੀ ਕਰਨਾ ਚਾਹੀਦਾ ਹੈ, ਦਾ ਆਂਕਲਣ ਵੀ ਕਰਨਾ ਹੈ।

1.5.3.4. ਸੀਮਾਵਾਂ :-

- ਸਾਧਨਯੁਕਤ ਅਧਿਆਪਕ ਦੀ ਜ਼ਰੂਰਤ :- ਥੋੜੀ ਮਿਆਦ (ਥੋੜ੍ਹੇ ਸਮੇਂ ਬਾਅਦ) ਮੁਲਾਂਕਣ ਨਾਲ ਅਧਿਆਪਕਾਂ ਉੱਪਰ ਕੰਮ ਦਾ ਬੋਝ ਵਧਿਆ। ਇਸ ਲਈ ਉਨ੍ਹਾਂ ਲਈ ਸਿਖਲਾਈ, ਕੁਸ਼ਲਤਾ ਅਤੇ ਸਾਧਨਯੁਕਤ ਹੋਣ ਦੀ ਮੰਗ ਕੀਤੀ ਜਾਂਦੀ ਹੈ।
- ਬਾਹਰੀ ਪ੍ਰੀਖਿਆਵਾਂ ਨਾਲ ਪੂਰਕ :- ਮੁਲਾਂਕਣ ਦੀ ਕਿਸੇ ਵੀ ਪ੍ਰਣਾਲੀ (ਯੋਜਨਾ) ਵਿੱਚ ਬਾਹਰੀ ਪ੍ਰੀਖਿਆਵਾਂ ਦੀ ਗੈਰ-ਮੌਜੂਦਗੀ ਵਿੱਚ ਸਾਲ ਦੇ ਆਖੀਰ ਵਿੱਚ ਲਈ ਜਾਣ ਵਾਲੀ ਪਬਲਿਕ ਪ੍ਰੀਖਿਆ ਬਹੁਤ ਜ਼ਰੂਰੀ ਹੈ।
- ਅਧਿਆਕਾਂ ਵਿੱਚ ਜ਼ਿਅਦਾ ਕੁਸ਼ਲਤਾ ਦੀ ਲੋੜ੍ਹ :- ਲਗਾਤਾਰ ਤੇ ਸਰਵਵਿਆਪਕ ਮੁਲਾਂਕਣ ਲਈ ਅਧਿਆਪਕਾਂ ਨੂੰ ਲਗਾਤਾਰ ਬਹੁਤ ਕੰਮ ਕਰਨਾ ਪੈਂਦਾ ਹੈ। ਇਸ ਲਈ ਅਧਿਆਪਕਾਂ ਵਿੱਚ ਜ਼ਿਆਦਾ ਕੁਸ਼ਲਤਾ ਹੋਣੀ ਚਾਹੀਦੀ ਹੈ।
- ਗ੍ਰੇਡਿੰਗ ਪ੍ਰਣਾਲੀ :- CCE ਦਾ ਸਭ ਤੋਂ ਕਮਜ਼ੋਰ ਪੱਖ ਇਸ ਦੀ ਗ੍ਰੇਡਿੰਗ ਪ੍ਰਣਾਲੀ ਹੈ ਕਿਉਂਕਿ ਗ੍ਰੇਡਿੰਗ ਪ੍ਰਣਾਲੀ ਵਿੱਚ ਖੱਪੇ ਬਹੁਤ ਹਨ ਜਿਵੇਂ ਕਿ 90 ਤੋਂ 100 ਅੰਕਾਂ ਵਾਲੇ ਵਿਦਿਆਰਥੀ ਨੂੰ ਗ੍ਰੇਡ ਏ ਮਿਲਦਾ ਹੈ ਇਸ ਨਾਲ ਜਿਹੜੇ ਵਿਦਿਆਰਥੀ 90 ਤੇ 98 ਅੰਕ ਲੈਂਦੇ ਹਨ, ਦਾ ਇਕੋ ਹੀ ਗ੍ਰੇਡ ਹੁੰਦਾ ਹੈ ਜੋ ਕਿ ਵਿਦਿਆਰਥੀ ਨੂੰ ਕੁਝ ਕਰਨ ਲਈ ਉਤਸ਼ਾਹਿਤ ਨਹੀਂ ਕਰਦਾ।

1.5.4. ਸਾਰ ਅੰਸ਼ (ਸੰਖੇਪ)

ਅਧਿਆਪਕ ਵਿਦਿਆਰਥੀ ਦਾ ਰੋਜ਼ਾਨਾ ਮੁਲਾਂਕਣ ਕਰਦੇ ਹਨ ਤੇ ਪ੍ਰਤੀਪੁਸ਼ਤੀ ਮਿਲਣ ਨਾਲ ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਸੁਧਾਰ ਹੁੰਦਾ ਹੈ। CCE ਤੋਂ ਭਾਵ ਮੁਲਾਂਕਣ ਅਜਿਹੀ ਪ੍ਰਣਾਲੀ ਤੋਂ ਹੈ ਜਿਸ ਵਿੱਚ ਵਿਦਿਆਰਥੀ ਦੇ ਵਿਕਾਸ ਦੇ ਵੱਖ-ਵੱਖ ਪੱਖਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਹ ਆਂਕਲਣ ਦੀ ਵਿਕਾਸਤਮਿਕ ਪ੍ਰਕ੍ਰਿਆ ਹੈ। ਜਿਹੜੀ ਕਿ ਦੋ ਤਰ੍ਹਾਂ ਦੇ ਉਦੇਸ਼ਾਂ ਤੇ ਜ਼ੋਰ ਦਿੰਦੀ ਹੈ। ਇੱਕ ਮੁਲਾਂਕਣ ਵਿੱਚ ਨਿਰੰਤਰਤਾ ਅਤੇ ਦੂਜਾ ਸਿੱਖਣ ਤੇ ਵਿਵਹਾਰਿਕ ਨਤੀਜਿਆਂ ਦੀ ਵਿਆਪਕਤਾ। ਨਿਰੰਤਰਤਾ ਤੋਂ ਭਾਵ ਹੈ

ਕਿ ਵਿਦਿਆਰਥੀਆਂ ਦੇ ਸਾਰੇ ਪੱਖਾਂ ਦਾ ਨਿਰੰਤਰ ਮੁਲਾਂਕਣ ਕਰਨਾ ਕਿਉਂਕਿ ਵਾਧਾ ਤੇ ਵਿਕਾਸ ਇੱਕ ਨਿਰੰਤਰ ਚੱਲਣ ਵਾਲੀ ਪ੍ਰਕ੍ਰਿਆ ਹੈ ਤੇ ਇਹ ਪੂਰੇ ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਮੌਜੂਦ ਹੁੰਦਾ ਅਤੇ ਪੂਰੇ ਅਕਾਦਮਿਕ ਸ਼ੈਸ਼ਨ ਦਾ ਅਨਿੱਖੜਵਾਂ ਅੰਗ ਹੁੰਦਾ। ਇਸ ਤੋਂ ਭਾਵ ਮੁਲਾਂਕਣ ਨਿਰੰਤਰਤਾ, ਸਿੱਖਣ ਦੇ ਖੱਪਿਆਂ ਨੂੰ ਪੂਰਾ ਕਰਨ, ਸਹੀ ਮਾਪਣ ਵਿੱਚ ਉਪਯੋਗੀ, ਪੁਨਰ-ਮੁਲਾਂਕਣ ਅਤੇ ਉਨ੍ਹਾਂ ਦੇ ਸਵੈ-ਮੁਲਾਂਕਣ ਤੋਂ ਹੈ। ਸਰਵਵਿਆਪਕ ਦਾ ਅਰਥ ਵਿਦਿਆਰਥੀ ਦੇ ਵਾਧੇ ਤੇ ਵਿਕਾਸ ਦੇ ਦੋਵੇਂ ਪੱਖਾਂ ਅਕਾਦਮਿਕ ਅਤੇ ਗੈਰ ਅਕਾਦਮਿਕ ਨੂੰ ਮੂਲਾਂਕਣ ਵਿੱਚ ਸ਼ਾਮਲ ਕਰਨਾ। ਅਧਿਆਪਕ ਵਿਦਿਆਰਥੀ ਦੇ ਮੁਲਾਂਕਣ ਲਈ ਬਹੁਤ ਵਿਧੀਆਂ ਦੀ ਵਰਤੋਂ ਕਰਦੇ ਹਨ। ਵਿਦਿਆਰਥੀ ਦੇ ਸਿਰਫ ਅਕਾਦਮਿਕ ਪੱਖ ਦਾ ਹੀ ਆਂਕਲਣ ਨਹੀਂ ਕੀਤਾ ਜਾਂਦਾ ਬਲਕਿ ਗੈਰ-ਅਕਾਦਮਿਕ ਪੱਖਾਂ ਦਾ ਆਂਕਲਣ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾ ਇਹ ਪੂਰੇ ਸਾਲ ਦੌਰਾਨ ਕੀਤਾ ਗਿਆ ਮੁਲਾਂਕਣ ਵਿਦਿਆਰਥੀ ਦੇ ਵਿਕਾਸ ਬਾਰੇ ਭਰੋਸੇਯੋਗ ਤੱਥ ਮੁਹੱਈਆ ਕਰਦਾ ਹੈ। CCE ਵਿਦਿਆਰਥੀ ਵਿੱਚ ਚੰਗੀਆਂ ਆਦਤਾਂ ਦੇ ਨਿਰਮਾਣ ਵਿੱਚ ਮੱਦਦ ਕਰਦਾ ਹੈ। ਉਨ੍ਹਾਂ ਦੀ ਪੜ੍ਹਾਈ ਵਿੱਚ ਨਿਰੰਤਰਤਾ ਆਉਂਦੀ ਹੈ ਜਿਸ ਨਾਲ ਉਨ੍ਹਾਂ ਦੀ ਸਮਝ ਪੱਧਰ ਦਾ ਵਿਕਾਸ ਹੁੰਦਾ ਹੈ। CCE ਉਪਚਾਰਤਮਿਕ ਅਧਿਆਪਨ ਲਈ ਪ੍ਰਤੀਪੁਸ਼ਟੀ ਮੁਹੱਈਆ ਕਰਾਉਂਦਾ ਹੈ। ਇਹ ਸੰਯੁਕਤ ਅਧਿਆਪਨ ਤੇ ਮੁਲਾਂਕਣ ਉਨ੍ਹਾਂ ਕੌਸ਼ਲਾਂ ਤੇ ਯੋਗਤਾਵਾਂ ਨੂੰ ਮਾਪਣ ਵਿੱਚ ਸਹਾਈ ਹੁੰਦਾ ਹੈ। ਜਿਹੜੀਆਂ ਕਿ ਕੋਰਸ ਦੇ ਅੰਤ ਵਿੱਚ ਲਈ ਜਾਣ ਵਾਲੀ ਲਿਖਤੀ ਪ੍ਰੀਖਿਆ ਦੁਆਰਾ ਸੰਭਵ ਨਹੀਂ ਹੁੰਦਾ ਇਸ ਲਈ CCE ਦਾ ਉਦੇਸ਼ ਬਿਲਕੁਲ ਵੱਖਰਾ ਹੈ। CCE ਵਿਦਿਆਰਥੀਆਂ ਦੀ ਹੇਠਾਂ ਦਿੱਤੇ ਅਨੁਸਾਰ ਦਬਾਅ ਘਟਾਉਣ ਵਿੱਚ ਸਹਾਇਤਾ ਕਰਦਾ ਹੈ :

- ਵਿਸ਼ੇ ਵਸਤੂ ਦੇ ਛੋਟੇ-ਛੋਟੇ ਹਿੱਸਿਆਂ ਵਿੱਚ ਥੋੜੇ ਅੰਤਰਾਲ ਬਾਅਦ ਉਨ੍ਹਾਂ ਦੀ ਸਿੱਖਣ ਵਿੱਚ ਤਰੱਕੀ ਦੀ ਪਛਾਣ ਕਰਨਾ।
- ਵਿਦਿਆਰਥੀਆਂ ਦੀਆਂ ਸਿੱਖਣ ਲੋੜਾਂ ਤੇ ਵੱਖ-ਵੱਖ ਯੋਗਤਾਵਾਂ ਅਨੁਸਾਰ, CCE ਦੇ ਆਧਾਰ ਤੇ ਸਿੱਖਿਆ ਦੇ ਵੱਖ-ਵੱਖ ਸੁਧਾਰਤਮਿਕ ਉਪਾਅ ਲਾਗੂ ਕਰਨੇ ਅਤੇ ਵਿਦਿਆਰਥੀਆਂ ਨੂੰ ਪੁਨਰਬਲਨ ਮੁਹੱਈਆ ਕਰਨਾ।
- ਵੱਖ-ਵੱਖ ਅਧਿਆਪਨ ਸਹਾਇਕ ਸਮੱਗਰੀ ਤੇ ਤਕਨੀਕਾਂ ਦੁਆਰਾ ਸਿੱਖਣ ਨੂੰ ਉਤਸ਼ਾਹਿਤ ਕਰਨਾ।
- ਸਿੱਖਣ ਪ੍ਰਕਿਰਿਆ ਵਿੱਚ ਵਿਦਿਆਰਥੀ ਨੂੰ ਸ਼ਾਮਲ ਕਰਨਾਂ।

**1.5.5. ਕੂੰਜੀਵਤ ਸ਼ਬਦ :-**

1) **ਭਰੋਸੇਯੋਗ** : ਜਿਸ ਉੱਪਰ ਵਿਸ਼ਵਾਸ਼ ਕੀਤਾ ਜਾ ਸਕੇ।
2) **ਸਰਵਵਿਆਪਕ** : ਵਿਅਕਤੀ ਦੀ ਸ਼ਖਸ਼ੀਅਤ ਦੇ ਸਾਰੇ ਦੇ ਸਾਰੇ ਪੱਖਾਂ ਦੇ ਵਿਕਾਸ ਕਰਨ
3) **ਨਿਦਾਨਾਤਮਿਕ (ਪਛਾਣ)** : ਬੱਖਿਆਂ ਤੇ ਵਿਕਾਸ ਵਿਚ ਆਉਣ ਵਾਲੀਆਂ ਸਮੱਸਿਆਵਾਂ ਦੇ ਖੇਤਰਾਂ ਦੀ ਪਛਾਣ ਕਰਨਾ।

4) **ਪ੍ਰੇਰਨਾ ਦਬਾਅ** : ਉਹ ਦਬਾਅ ਜੋ ਵਿਦਿਆਰਥੀ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕਰੇ।

5) **ਅਕਾਦਮਿਕ**: ਪੜ੍ਹਾਈ ਅਤੇ ਉਸ ਨਾਲ ਸੰਬੰਧਿਤ ਵਿਧੀਆ

6) ਵੈਧ: ਵਿਦਿਆਰਥੀ ਵਿਕਾਸ ਲਈ ਸਾਰੇ ਖੇਤਰਾਂ ਨੂੰ ਯੋਜਨਬੱਧ ਤਰੀਕੇ ਨਾਲ ਸ਼ਾਮਿਲ ਕਰਨਾ।

**1.5.6. ਸੁਝਾਏ ਸਵਾਲ :-**

- **ਨਿਰੰਤਰ ਤੇ ਸਰਵਵਿਆਪਕ ਮੁਲਾਂਕਣ ਕੀ ਹੈ? ਇਸ ਦੀ ਮਹੱਤਤਾ ਦੱਸੋ?**
- **ਨਿਰੰਤਰ ਤੇ ਸਰਵਵਿਆਪਕ ਮੁਲਾਂਕਣ ਦੀਆਂ ਉਪਯੋਗਤਾਵਾਂ ਅਤੇ ਸੀਮਾਵਾਂ ਬਾਰੇ ਚਰਚਾ ਕਰੋ?**
- **ਜਦੋਂ ਤੁਸੀਂ ਨਿਰੰਤਰ ਤੇ ਸਰਵਵਿਆਪਕ ਮੁਲਾਂਕਣ ਕਰਦੇ ਹੋ ਤਾਂ ਵਿਦਿਆਰਥੀ ਦੇ ਪ੍ਰਦਰਸ਼ਨ ਵਿੱਚ ਸੁਧਾਰ ਕਰਨ ਲਈ ਸੁਝਾਅ ਦਿਉਗੇ?**

**1.5.7. ਪ੍ਰਸਤਾਵਿਤ ਅਧਿਐਨ :-**


- Borg and Gall. Educational Research : An Introduction, Longman, New York.
- Kaur and Bist (2016) Assessment for Learning, R. Lall Publishers, Meerut.
- Patel, R.N. Measurement and Evalution.


**1.5.8. ਸਵੈ-ਅਭਿਆਸ ਸੂਚੀ :-**

1. ਮੁਲਾਂਕਣ ਪੂਰੇ......................................ਕੀਤਾ ਜਾਂਦੇ ਹਨ।
2. CCE ਵਿਦਿਆਰਥੀਆਂ ਵਿੱਚ............................ਪੜ੍ਹਨ ਆਦਤਾਂ ਨੂੰ ਉਤਸ਼ਾਹਿਤ ਕਰਦਾ ਹੈ।
3. CCE ਦੁਆਰਾ ਦਿੱਤੀ ਪ੍ਰਤੀਪੁਸ਼ਟੀ.......................... ਹੋਣ ਦੀ ਮੰਗ ਕੀਤੀ ਜਾਂਦੀ ਹੈ।
4. CCE ਦੌਰਾਨ ਅਧਿਆਪਕਾਂ ਦੇ .......................ਹੋਣ ਦੀ ਮੰਗ ਕੀਤੀ ਜਾਂਦੀ ਹੈ।

**ਉੱਤਰ :- ਸਾਲ 2) ਚੰਗੀਆਂ (ਵਧੀਆ) 3) ਉਪਚਾਰਤਮਿਕ 4) ਸਾਧਨ ਯੁਕਤ**